# ਤਕਦੀਰ ਤੇ ਤਦਬੀਰ



ਬੇਅੰਤ ਬਰੀਵਾਲਾ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# TAQDIR TE TADBIR

BY

BEANT BARIWALA



ਮੈਂ ਤਕਦੀਰਾਂ ਸਿਰ ਮੜ੍ਹ ਦਿੱਤਾ,

ਤੇਰੇ ਵਿਛੜ ਜਾਣ ਦਾ ਸਾਰਾ ਦੋਸ਼,,

ਤੇ

ਮੁੱਨਕਰ ਹੋ ਗਿਆ ਇਸ ਗੱਲ ਕੋਲੋਂ

ਕੇ ਤਦਬੀਰ ਨਾ ਕਰਨਾ ਵੀ ਗੁਨਾਹ ਹੁੰਦਾ..

**ਬੇਅੰਤ ਬਰੀਵਾਲਾ**

ਕਹਾਣੀ ਸ਼ੁਰੂ ਕਰਨ ਤੋਂ ਪਹਿਲਾਂ ਤਕਦੀਰ ਤੇ ਤਦਬੀਰ ਬਾਰੇ ਥੋੜਾ ਜਾਣ ਲਈਏ।

ਤਕਦੀਰ ਤੇ ਤਦਬੀਰ ਦੋ ਐਸੇ ਸ਼ਬਦ ਜੋ ਇਨਸਾਨ ਦੀ ਜ਼ਿੰਦਗੀ ਚ ਬਹੁਤ ਵੱਡਾ ਰੋਲ ਅਦਾ ਕਰਦੇ ਹਨ |
ਤਕਦੀਰ ਉਹ ਜੋ ਵਿਯਹੋ ਮਾਤਾ ਨੇ ਸਾਡੇ ਮੱਥੇ ਤੇ ਜਨਮ ਤੋਂ ਪਹਿਲਾਂ ਹੀ ਲਿਖ ਦਿੱਤੀ ਤੇ ਤਦਬੀਰ ਉਹ ਜੋ ਅਸੀਂ ਖੁਦ ਕਰਦੇ ਹਾਂ ਜਿਸਨੂੰ ਅਗਰ ਸੌਖੀ ਭਾਸ਼ਾ ਜਾਂ ਸਰਲ ਅਰਥ ਚ ਲਿਖੀਏ ਤਾਂ ਕੋਸਿਸ਼ ਕਰਨਾ ਜਾਂ ਯਤਨ ਕਰਨਾ ਕਿਹਾ ਜਾ ਸਕਦਾ ਹੈ ।

ਏਹ ਦੋਨੋਂ ਇਕੱਠੀਆਂ ਕਿਸੇ ਕਿਸੇ ਨੂੰ ਹੀ ਨਸੀਬ ਹੁੰਦੀਆਂ ਹਨ, ਨਹੀਂ ਤਾਂ ਬਹੁਤੇ ਲੋਕ ਐਸੇ ਹੁੰਦੇ ਹਨ ਜਦੋਂ ਤਕਦੀਰ ਉਹਨਾਂ ਦਾ ਸਾਥ ਦਿੰਦੀ ਹੈ ਉਹ ਤਦਬੀਰ ਨੀ ਕਰਦੇ ਭਾਵ ਕੋਸਿਸ਼ ਨੀ ਕਰਦੇ ਤੇ ਜਦੋਂ ਤਦਬੀਰ ਭਾਵ ਕੋਸ਼ਿਸ਼ ਕਰਦੇ ਆ ਤਾਂ ਤਕਦੀਰ ਉਹਨਾਂ ਦਾ ਸਾਥ ਛੱਡ ਚੁੱਕੀ ਹੁੰਦੀ ਆ।

ਇਸੇ ਲਈ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਸੀ
ਤਕਦੀਰ ਤਾਂ ਸਾਡੀ ਸੌਂਕਣ ਸੀ
ਤਦਬੀਰਾਂ ਸਾਥੋਂ ਨਾ ਹੋਈਆਂ
ਕੰਨ ਪਾਟੇ ਨਾ ਝੰਗ ਛੁੱਟਿਆ ,
ਝੁੰਡ ਲੰਘ ਗਿਆ ਇੰਞ ਹੀਰਾਂ ਦਾ

ਇਹ ਕਹਾਣੀ ਵੀ ਇਕ ਐਸੇ ਹੀ ਇਨਸਾਨ ਦੀ ਆ ਜਿਸ ਤੋਂ ਕਦੇ ਤਾਂ ਤਦਬੀਰ ਨਾ ਕੀਤੀ ਗਈ ਤੇ ਕਦੇ ਤਕਦੀਰ ਉਸਦੀ
ਦੁਸ਼ਮਣ ਨਿਕਲੀ ।

## ਤਕਦੀਰ ਤੇ ਤਦਬੀਰ

ਤਿੰਨ ਭੈਣਾਂ ਤੋਂ ਬਾਅਦ ਜਨਮੇਂ ਏਕਮਪ੍ਰੀਤ ਨੂੰ ਸਾਰੇ ਹੀ ਬਹੁਤ ਪਿਆਰ ਕਰਦੇ ਸਨ।
ਮਾਂ ਨੇ ਕੱਲਾ ਕੱਲਾ ਪੁੱਤ ਹੋਣ ਕਰਕੇ ਬੜੀਆਂ ਰੀਝਾਂ ਨਾਲ ਪਾਲਿਆ ਸੀ,, ਦੁੱਧ ਮੱਖਣਾਂ ਨਾਲ ਪਲੇ ਏਕਮਪ੍ਰੀਤ ਨੂੰ ਦੇਖ ਕੇ ਭੁੱਖ ਲਹਿੰਦੀ
ਸੀ ।
ਜਦੋਂ ਉਹ ਕਬੱਡੀ ਖੇਡਦਾ ਤਾਂ ਲੋਕ ਓਹਨੂੰ ਦੂਰੋਂ ਦੂਰੋਂ ਚੱਲ ਕੇ ਵੇਖਣ ਆਉਂਦੇ।ਕੱਲੀਆਂ ਖੇਡਾਂ ਵਿੱਚ ਹੀ ਨਹੀਂ ਸਗੋਂ ਪੜ੍ਹਾਈ ਵਿੱਚ ਵੀ ਹਮੇਸ਼ਾ ਅਵੱਲ ਰਹਿੰਦਾ ਸੀ ਏਕਮਪ੍ਰੀਤ ।

ਘਰ ਤੋਂ ਗਰੀਬ ਹੋਣ ਕਰਕੇ ਕਬੱਡੀ ਵਿੱਚ ਤਾਂ ਉਹ ਅਸਮਾਨ ਨਾ ਛੂਹ ਸਕਿਆ ਪਰ ਪੜ੍ਹਾਈ ਵਿੱਚ ਉਸ ਨੇ ਕਦੇ ਕਿਸੇ ਨੂੰ ਅੱਗੇ ਨਾ ਲੰਘਣ ਦਿੱਤਾ ।

ਪਿੰਡ ਦੇ ਸਕੂਲ ਤੋਂ ਬਾਰਵੀਂ ਕਰਨ ਤੋਂ ਬਾਅਦ ਓਹਨੇ ਫਰੀਦਕੋਟ ਬ੍ਰਿਜਿੰਦਰਾ ਕਾਲਜ ਚ ਦਾਖਲਾ ਲੈ ਲਿਆ।
ਏਕਮਪ੍ਰੀਤ ਹਮੇਸ਼ਾ ਹੀ ਚੁੱਪ ਚੁਪ ਜੇਹਾ ਰਹਿੰਦਾ ਉਹ ਕਦੇ ਕਿਸੇ ਨਾਲ ਬਹੁਤਾ ਬੋਲਦਾ ਨਹੀਂ ਸੀ ।

ਉਦੋਂ ਕੋਟ ਕਪੂਰੇ ਤੋਂ ਫਿਰੋਜ਼ਪੁਰ ਜਾਣ ਵਾਲੀ ਗੱਡੀ ਕਾਲਜ ਅੰਦਰ ਬਨੇ ਛੋਟੇ ਜਹੇ ਸਟੇਸ਼ਨ ਤੇ ਰੁਕਿਆ ਕਰਦੀ ਸੀ,,ਬਾਅਦ ਵਿੱਚ ਭਾਵੇਂ ਇਸ ਸਟੇਸ਼ਨ ਨੂੰ ਬੰਦ ਕਰ ਦਿੱਤਾ ਗਿਆ ਸੀ ।

ਏਕਮਪ੍ਰੀਤ ਕਈ ਵਾਰ ਕੋਟਕਪੂਰਾ ਤੱਕ ਇਥੋਂ ਗੱਡੀ ਤੇ ਚਲਾ ਜਾਂਦਾ ਤੇ ਅੱਗੋਂ ਬੱਸ ਰਾਹੀਂ ਪਿੰਡ ਤੇ ਕਈ ਵਾਰ ਫਰੀਦਕੋਟ ਤੋਂ ਹੀ ਸਿੱਧਾ ਮਿੰਨੀ ਬੱਸ ਤੇ ਚਲਾ ਜਾਂਦਾ ਜੋ ਪਿੰਡਾ ਵਿੱਚ ਦੀ ਹੋ ਕੇ ਜਾਂਦੀ ਸੀ ।
ਏਸੇ ਸਿਲਸਿਲੇ ਵਿੱਚ ਓਹਨੇ ਬੀ. ਏ. ਪਹਿਲੇ ਸਾਲ ਦੇ ਇਮਤਿਹਾਨ ਦੇ ਦਿੱਤੇ।

ਜਦ ਨਤੀਜੇ ਆਉਣ ਤੋਂ ਬਾਅਦ ਉਸਨੇ ਕਾਲਜ ਦੇ ਰਿਜ਼ਲਟ ਬੋਰਡ ਤੇ ਨਿਗ੍ਹਾ ਮਾਰੀ ਤਾਂ ਏਕਮਪ੍ਰੀਤ ਜਾਣੀ ਕੇ ਉਸਦਾ ਨਾਮ ਦੂਜੇ ਨੰਬਰ ਤੇ ਸੀ,,ਉਹ ਹੈਰਾਨ ਸੀ ਕਿਉਂਕਿ ਅੱਜ ਤੱਕ ਪੜ੍ਹਾਈ ਚ ਓਹਨੇ ਕਦੇ ਕਿਸੇ ਨੂੰ ਅੱਗੇ ਨਹੀਂ ਸੀ ਲੰਘਣ ਦਿੱਤਾ ।

ਉਸ ਦਾ ਪਹਿਲੇ ਨੰਬਰ ਤੇ ਆਉਣ ਵਾਲੇ ਦਾ ਨਾਮ ਦੇਖਣ ਦਾ ਹੌਂਸਲਾ ਨਾ ਪਿਆ। ਫੇਰ ਪੂਰੀ ਵਾਹ ਲਾ ਕੇ ਜਦ ਓਹਨੇ ਉਪਰ ਵੱਲ ਨਿਗ੍ਹਾ ਮਾਰੀ ਤਾਂ ਦੇਖਿਆ ਕਿ ਉਪਰ ਲਿਖਿਆ ਸੀ first division ਸ਼ੀਤਲ ਅਰੋੜਾ ।

ਬੇਸ਼ੱਕ ਸ਼ੀਤਲ ਏਕਮਪ੍ਰੀਤ ਦੀ ਕਲਾਸ ਮੇਟ ਸੀ ਪਰ ਓਹਨੇ ਅੱਜ ਤੱਕ ਸ਼ੀਤਲ ਨੂੰ ਦੇਖਿਆ ਨਹੀਂ ਸੀ ਹਾਂ ਜੇ ਦੇਖਿਆ ਵੀ ਹੋਵੇ ਸ਼ਇਦ ਸ਼ਕਲੋਂ ਉਹ ਸ਼ੀਤਲ ਨੂੰ ਜਾਣਦਾ ਵੀ ਹੋਵੇ ਪਰ ਨਾਂ ਤੋਂ ਵਾਕਫ਼ ਨਹੀਂ ਸੀ ।

ਉਹ ਆਪਣੇ ਯਾਰਾਂ ਦੋਸਤਾਂ ਤੋਂ ਪੁੱਛਣਾ ਚਾਹੁੰਦਾ ਸੀ ਕਿ ਇੰਨੀਆਂ ਕੁੜੀਆਂ ਵਿਚੋਂ ਸ਼ੀਤਲ ਕੌਣ ਆ ,ਪਰ ਉਸਦਾ ਹੌਂਸਲਾ ਨਾ ਪੈਂਦਾ ਕੇ ਯਾਰ ਦੋਸਤ ਕੀ ਕਹਿਣਗੇ,ਮਤਾ ਕਿਤੇ ਸ਼ੀਤਲ ਓਹਦੀ ਛੇੜ ਹੀ ਨਾ ਪਾ ਲੈਣ, ਸੰਗ ਦਿਲ ਤਾਂ ਉਹ ਬਾਹਲਾ ਸੀ ਪਹਿਲੇ ਦਿਨੋਂ ਹੀ, ਕਿਓਂਕੇ ਕੱਲਾ ਕੱਲਾ ਪੁੱਤ ਹੋਣ ਕਰਕੇ ਮਾਂ ਉਹਨੂੰ ਘਰੋਂ ਬਾਹਰ ਨੀ ਸੀ ਕੱਢਦੀ ।

ਪਰ ਫੇਰ ਵੀ ਓਹ ਇੱਕ ਵਾਰ first ਆਉਣ ਵਾਲੀ ਸ਼ੀਤਲ ਅਰੋੜਾ ਨੂੰ ਦੇਖਣਾ ਚਾਹੁੰਦਾ ਸੀ,, ਆਖ਼ਿਰ ਕੌਣ ਸੀ ਉਹ, ਜਿਸ ਨੇ 12 ਵੀ ਤੱਕ ਜੇਤੂ ਰਹੇ ਏਕਮਪ੍ਰੀਤ ਨੂੰ ਪਛਾੜ ਦਿੱਤਾ ਸੀ ।

ਇੱਕ ਦਿਨ ਹੌਂਸਲਾ ਜਿਹਾ ਕਰਕੇ ਕਲਾਸ ਦੇ ਬਲੈਕ ਬੋਰਡ ਉੱਤੇ ਓਹਨੇ Congratulations Sheetal Arora ਲਿਖ ਹੀ ਦਿੱਤਾ ।

ਲੈਕਚਰ ਖ਼ਤਮ ਕਰਕੇ ਜਦ ਸਾਰੇ ਸਟੂਡੈਂਟਸ ਬਾਹਰ ਨਿਕਲੇ ਉਸਨੂੰ (ਏਕਮਪ੍ਰੀਤ ਨੂੰ )ਕਿਸੇ ਨੇ ਪਿੱਛੋਂ ਆਵਾਜ਼ ਮਾਰੀ 'ਏਕਮ' ......?

ਉਹ ਰੁਕ ਗਿਆ ਅੱਜ ਤੱਕ ਓਹਦੇ ਬਾਪੂ ਤੋਂ ਬਿਨਾਂ ਹੋਰ ਕਿਸੇ ਨੇ ਉਹਨੂੰ ਕੱਲਾ ਏਕਮ ਕਹਿ ਕੇ ਨਹੀਂ ਸੀ ਬੁਲਾਇਆ।

ਜਦ ਉਸਨੇ ਪਿੱਛੇ ਮੁੜ ਕੇ ਦੇਖਿਆ ਉਸਦੀਆਂ ਅੱਖਾਂ ਇੱਕਦਮ ਬੰਦ ਹੋ ਗਈਆਂ ........|

ਜਦ ਏਕਮਪ੍ਰੀਤ ਨੇ ਬੰਦ ਅੱਖਾਂ ਫੇਰ ਤੋਂ ਖੋਲੀਆਂ ਤਾਂ ਓਹ ਦੰਗ ਰਹਿ ਗਿਆ ਕਿਉਂਕਿ ਉਸਦੇ ਪਿੱਛੇ ਕੋਹਕਾਫ਼ ਦੀ ਪਰੀ ਖੜੀ ਸੀ ਬਿਲਕੁੱਲ ਓਦਾਂ ਦੀ ਪਰੀ ਜਿਸ ਬਾਰੇ ਓਹਨੇ ਬਚਪਨ ਚ ਬਾਤਾਂ ਚ ਸੁਣਿਆ ਸੀ ,ਜਾ ਫਿਰ ਪਰੀ ਕਹਾਣੀਆਂ ਚ ਓਹਦਾ ਜ਼ਿਕਰ ਪੜਿਆ ਸੀ ।

ਓਹਨੂੰ ਲੱਗਾ ਜਿਵੇ ਕੋਈ ਪਰੀ ਇੰਦਰ ਦੇਵਤੇ ਦੇ ਅਖਾੜੇ ਚੋਂ ਧਰਤੀ ਦੀ ਹਿੱਕ ਤੇ ਆ ਗਈ ਹੋਵੇ,,ਉਹ ਅਡੋਲ ਖੜਾ ਰਿਹਾ ।

ਉਸ ਕੁੜੀ ਨੇ ਆਪਣਾ ਸੱਜਾ ਹੱਥ ਏਕਮ ਦੀਆਂ ਅੱਖਾਂ ਮੂਹਰੇ ਹਿਲਾਉਂਦੇ ਕਿਹਾ ' ਓਏ ਕੀ ਹੋਇਆ ਤੈਨੂੰ ,ਤੂੰ ਤਾਂ ਹੈਂਗ ਹੀ ਹੋ ਗਿਆਂ, ਕਦੇ ਕੁੜੀ ਨੀ ਦੇਖੀ ਪਹਿਲਾ ।

ਏਕਮ ਇੱਕ ਦਮ ਤ੍ਰਬਕ ਗਿਆ ਜਿਵੇ ਕਿਸੇ ਨੀਂਦ ਚ ਬਾਹਰ ਆ ਗਿਆ ਹੋਵੇ ਤੇ ਬੋਲਿਆ..
ਨਹੀਂ ,,,,ਨਹੀਂ ,,ਜੀ ,,,,,

ਇਹਦਾ ਮਤਲਬ ਤੂੰ ਸੱਚੀ ਪਹਿਲਾਂ ਕਦੇ ਕੁੜੀ ਨੀ ਦੇਖੀ ! ਓਹਨੇ ਐਨਕ ਨੂੰ ਥੋੜਾ ਥੱਲੇ ਕਰਦਿਆਂ ਐਨਕ ਦੇ ਉੱਪਰ ਦੀ ਦੇਖਦਿਆਂ ਥੋੜਾ ਨਾ ਚ ਸਿਰ ਹਿਲਾਉਂਦਿਆਂ ਬੜੇ ਪਿਆਰ ਨਾਲ ਭੋਲਾ ਜੇਹਾ ਮੂੰਹ ਬਣਾ ਕੇ ਕਿਹਾ।

ਨਹੀਂ ਜੀ ਦੇਖੀਆਂ ਨੇ ਬਹੁਤ ਦੇਖੀਆਂ ਨੇ ... ਪਰ ਤੁਸੀਂ ..ਪਰ ਤੁਸੀਂ ..ਕੌਣ ਤੇ ਮੈਨੂੰ ਆਵਾਜ਼ ਕਿਉਂ ਮਾਰੀ ?ਓਹਨੇ ਸਾਰੇ ਸ਼ਬਦ ਥਿੜਕਵੀਂ ਆਵਾਜ਼ ਚ ਕਹੇ ਜਿਵੇਂ ਕੋਈ ਡਾਰਿਆ ਹੋਇਆ ਇਨਸਾਨ ਘਬਰਾ ਕੇ ਬੋਲਦਾ ਹੈ ।

ਬੋਰਡ ਤੇ ਬਹੁਤ ਸੋਹਣਾ ਲਿਖ ਲੈਨਾ, congratulations sheetal arora ਮੈਂ ਕਿਹਾ ਜਾ ਕੇ ਚੈਕ ਤਾਂ ਕਰਾਂ ਕੇ ਖਾਲੀ ਲਿਖ ਹੀ ਲੈਨਾ ਜਾਂ ਬੋਲ ਵੀ ਲੈਨਾ! ਇਹਨਾਂ ਕਹਿ ਕੇ ਉਹ ਪਰੀ ਹੱਸਣ ਲੱਗ ਪਈ।

ਏਕਮ ਨੂੰ ਲੱਗਿਆ ਜਿਵੇਂ ਉਸ ਕੁੜੀ ਦੇ ਹੱਸਣ ਨਾਲ ਸਾਰਾ ਗਰਾਊਂਡ ਫੁੱਲਾਂ ਨਾਲ ਭਰ ਗਿਆ ਹੋਵੇ ਉਹ ਗੱਲ ਬਦਲ ਦਾ ਬੋਲਿਆ,ਅੱਛਾ ਜੀ ਤੁਸੀਂ ਹੋ ਸ਼ੀਤਲ ਅਰੋੜਾ ਬੜਾ ਨਾਮ ਸੁਣਿਆ ਸੀ ਤੁਹਾਡਾ।

ਹੁਣ ਬੋਲ ਕੇ ਵਧਾਈ ਨਹੀਂ ਦੇਵੇਂਗਾ ਕੰਜੂਸਾ? ਇਹ ਆਖ ਉਹ ਫੇਰ ਹੱਸ ਪਈ |

ਵਧਾਈ ਹੋਵੇ ਅਰੋੜਾ ਸਾਹਬ ਏਕਮ ਨੇ ਮੋੜਵਾਂ ਜਵਾਬ ਦਿੱਤਾ।

ਅੱਜ ਤੋਂ ਅਰੋੜਾ ਸਾਬ੍ਹ ਨਹੀਂ ਮੈਨੂੰ ਸਿਰਫ ਸ਼ੀਤਲ ਕਹਿ ਕੇ ਬੁਲਾਈ ਸ਼ੀਤਲ ਨੇ ਗੱਲ ਸਾਫ ਕਰ ਦਿੱਤੀ ।

ਠੀਕ ਆ ਸ਼ੀਤਲ ਜੀ ।

ਵੇ ਫੇਰ 'ਜੀ' ,ਕੋਈ ਜੀ ਜੁ ਨੀ ਲਾਉਣਾ ਸਿਰਫ ਸ਼ੀਤਲ ਓ ਕੇ ?

ਠੀਕ ਆ ਜੀ,ਅੱਗੇ ਤੋਂ ਜੀ ਨੀ ਕਹਿੰਦਾ ਜੀ ... ਤੇ ਇਸ ਵਾਰ ਉਹ ਦੋਨੋ ਹੱਸ ਪਏ ।

ਸ਼ੀਤਲ ਨੇ ਸੱਜਾ ਹੱਥ ਅੱਗੇ ਵਧਾਦਿਆਂ ਕਿਹਾ ਫੇਰ ਦੋਸਤੀ ਪੱਕੀ ?

ਏਕਮ ਦਾ ਹੱਥ ਕੰਬ ਰਿਹਾ ਸੀ ਸ਼ੀਤਲ ਨੇ ਖੱਬੇ ਹੱਥ ਨਾਲ ਏਕਮ ਦਾ ਸੱਜਾ ਹੱਥ ਫੜ ਕੇ ਆਪਣੇ ਸੱਜੇ ਹੱਥ ਨਾਲ ਮਿਲਾਉਂਦੇ ਕਿਹਾ ਏਦਾਂ ਨੀ ਏਦਾਂ, ਤੇ ਉਹ ਚਲੀ ਗਈ ਤੇ ਏਕਮ ਓਹਨੂੰ ਜਾਂਦੀ ਨੂੰ ਪਿੱਛੋਂ ਦੇਖਦਾ ਰਿਹਾ ਤੇ ਪੱਥਰ ਬਣਿਆ ਕਿੰਨੀ ਦੇਰ ਉੱਥੇ ਹੀ ਖੜਾ ਰਿਹਾ ਓਹਨੂੰ ਹਲੇ ਤੱਕ ਯਕੀਨ ਨੀ ਸੀ ਆ ਰਿਹਾ ਕੇ ਇਹ ਸਭ ਸੱਚ ਸੀ ਓਹਨੂੰ ਲੱਗ ਰਿਹਾ ਸੀ ਜਿਵੇਂ ਓਸਨੇ ਕੋਈ ਸੁਪਨਾ ਦੇਖਿਆ ਹੋਵੇ ।

ਫੇਰ ਹੋਲੀ ਹੋਲੀ ਉਹ ਬੱਸ ਅੱਡੇ ਵੱਲ ਤੁਰ ਪਿਆ ਓਹਨੂੰ ਪਤਾ ਹੀ ਨੀ ਲੱਗਿਆ ਕਦੋਂ ਓਹਨੇ ਦੁਸਹਿਰਾ ਗ੍ਰਾਉਂਡ ਤੇ ਰਾਣੀ ਵਾਲਾ ਖੂਹ ਪਾਰ ਕੀਤਾ ਤੇ ਆ ਕੇ ਪਿੰਡ ਵਾਲੀ ਮਿੰਨੀ ਬੱਸ ਚ ਬੈਠ ਗਿਆ ।

ਉਹ ਕਿਸੇ ਹੋਰ ਹੀ ਦੁਨੀਆਂ ਚ ਗੁਵਾਚਿਆ ਹੋਇਆ ਸੀ,,ਬੱਸ ਚੱਲ ਪਈ ਪਿੰਡਾਂ ਵਿੱਚ ਦੀ ਧੂੜ ਮਿੱਟੀ ਉਡਾਉਂਦੀ ਬੱਸ ਓਹਦੇ ਪਿੰਡ ਪਹੁੰਚ ਗਈ ਓਹਨੂੰ ਪਤਾ ਹੀ ਨਾ ਲੱਗਦਾ ਜੇ ਬੱਸ ਕੰਡਕਟਰ ਓਹਦਾ ਮੋਢਾ ਹਲੂਣ ਕੇ ਨਾ ਕਹਿੰਦਾ
'ਕਿਥੇ ਗੁਵਾਚਿਆ ਪਾਹੜ੍ਹਿਆ ? ਪਿੰਡਾਂ ਚ ਓਦੋਂ ਕਾਲਜ ਪੜ੍ਹਨ ਵਾਲੇ ਨੂੰ ਆਮ ਲੋਕ ਪਾਹੜਾ ਹੀ ਆਖਦੇ ਹੁੰਦੇ ਸੀ ।

ਏਕਮ ਬੱਸ ਚੋਂ ਉੱਤਰ ਗਿਆ ਤੇ ਖੇਤਾਂ ਵਿੱਚ ਦੀ ਘਰ ਵੱਲ ਤੁਰ ਪਿਆ,ਵਿਸਾਖ ਦੀ ਰੁੱਤ ਸੀ ਕਣਕਾਂ ਦੀ ਵਾਢੀ ਜ਼ੋਰਾਂ ਤੇ ਸੀ ,ਸਰੋਂ ਆਂ ਪੱਕ ਚੁੱਕੀਆਂ ਸਨ,,ਫੇਰ ਵੀ ਓਹਨੂੰ ਅੱਜ ਪੱਕੀਆਂ ਸਰੋਂ ਆਂ ਚੋਂ ਵਿਚੋਂ

ਵੀ ਮਹਿਕ ਆ ਰਹੀ ਸੀ ।

ਉਹ ਖੇਤਾਂ ਵਿੱਚ ਦੀ ਹੁੰਦਾ ਘਰ ਪਹੁੰਚ ਗਿਆ,ਘਰ ਦੇ ਛੋਟੇ ਮੋਟੇ ਕੰਮ ਕਰਦਿਆਂ ਉਹਨੂੰ ਸ਼ਾਮ ਹੋ ਗਈ ,

ਫ਼ੇਰ ਨਗਾ ਕੇ ਨਹਾਉਣ ਤੋਂ ਬਾਅਦ ਉਹ ਆਪਣਾ ਮੰਜਾ ਚੁੱਕ ਕੇ ਸਵਾਤ( ਇੱਕ ਵੱਡਾ ਕਮਰਾ) ਦੀ ਛੱਤ ਤੇ ਲੈ ਗਿਆ ਤੇ ਅਲਾਣੇ ਮੰਜੇ (ਬਗੈਰ ਕੁੱਝ ਵਿਛਾਉਣ ਤੋਂ) ਤੇ ਹੀ ਲੇਟ ਗਿਆ ।

ਥੱਲੇ ਉਸਦੀ ਬੇਬੇ ਅਵਾਜ਼ਾਂ ਦਿੰਦੀ ਰਹੀ 'ਵੇ ਏਕਮਪ੍ਰੀਤ ਰੋਟੀ ਤਾਂ ਖਾ ਜਾਂਦਾ ਹੁਣ ਉਤਾਂਹ ਕੌਣ ਚੜੇ ਤੈਨੂੰ ਫੜਾਉਣ ?

ਮੈਂ ਨੀ ਖਾਣੀ ਬੇਬੇ ਏਕਮ ਨੇ ਪਏ ਪਏ ਨੇ ਹੀ ਜਵਾਬ ਦਿੱਤਾ।

ਹਏ ਹਏ ਵੇ ਖਾਣੀ ਕਿਉਂ ਨੀ, ਤੇਰਾ ਚਿੱਤ ਤਾਂ ਠੀਕ ਆ ਮਾਂ ਨੇ ਫਿਕਰ ਕੀਤਾ, ਵੇ ਜੇ ਕੁਝ ਦੁਖਦਾ ਤਾਂ ਨਿੱਕੋ ਨੂੰ ਭੇਜਾਂ ਗੋਲੀ ਦੇਕੇ?

ਨਿੱਕੋ ਏਕਮ ਦੀਆਂ ਤਿੰਨਾਂ ਭੈਣਾਂ ਵਿਚੋਂ ਸਭ ਤੋਂ ਛੋਟੀ ਸੀ । ਨਿੱਕੀ ਹੋਣ ਕਰਕੇ ਸਾਰੇ ਉਸਨੂੰ ਨਿੱਕੋ ਹੀ ਸੱਦਦੇ ਸਨ ।

ਨਹੀਂ ਬੇਬੇ ਮੈਂ ਠੀਕ ਆ ਮੈਨੂੰ ਕਾਸੇ ਦੀ ਲੋੜ ਨੀ,, ਬਸ ਤੁਸੀਂ ਪੈ ਜਾਓ ਬੇਫ਼ਿਕਰ ਹੋ ਕੇ ।

ਵੇ ਕਿੱਥੋਂ ਪੈ ਜੀਏ
ਤੇਰਾ ਬਾਪੂ ਵੀ ਨੀ ਆਇਆ ਹਲੇ ?

ਹਾਂ ਸੱਚ! ਬੇਬੇ... 'ਬਾਪੂ ਕਿੱਥੇ ਗਿਆ ? ਅੱਜ ਦਿਸਦਾ ਨੀ ਏਕਮ ਨੇ ਉਪਰੋਂ ਥੱਲੇ ਵੇਹੜੇ ਵੱਲ ਨਿਗ੍ਹਾ ਮਾਰਦਿਆਂ ਸਵਾਲ ਕੀਤਾ।

ਵੇ ਬਰਾੜਾਂ ਦੇ ਗਿਆ ਕਣਕ ਵਾਲਾ ਘੁੱਪਾ(ਥਰੈਸ਼ਰ) ਪੁੱਛਣ ,
ਆਇਆ ਨੀ ਹਲੇ ਤੱਕ,ਤੇ ਉੱਤੋਂ ਰੱਬ ਵੀ ਬੱਦਲ ਕੱਢੀ ਫਿਰਦਾ ਡਰ ਲਗਦਾ ਹੁਣ ਤਾਂ,,ਕਣਕ ਸਾਰੀ ਵੱਢ ਕੇ ਖੇਤ ਰੱਖੀ ਪਈ ਆ।
ਵਾਹਿਗੁਰੂ ਭਲੀ ਕਰੀਂ ਬੇਬੇ ਨੇ ਦੋਵੇਂ ਹੱਥ ਧਰਤੀ ਨਾਲ ਲਾਉਂਦਿਆਂ ਕਿਹਾ।

ਏਕਮ ਆਪਣੀ ਹੀ ਦੁਨੀਆਂ ਚ ਗੁਵਾਚ ਚੁੱਕਾ ਸੀ,,ਓਹਨੂੰ ਨੀ ਪਤਾ ਲੱਗਿਆ ਕਿ ਕਦੋਂ ਓਹਦਾ ਬਾਪੂ ਆਇਆ।

ਉਹ ਆਸਮਾਨ ਵੱਲ ਨਜ਼ਰਾਂ ਗੱਡੀ ਪਿਆ ਕਿੰਨੀ ਦੇਰ ਤੱਕ ਤਾਰਿਆਂ ਦੀਆਂ ਮੂਰਤਾਂ ਬਣਾਉਂਦਾ ਰਿਹਾ ਕਦੇ ਕਿਸੇ ਤਾਰੇ ਨੂੰ ਕਿਸੇ ਨਾਲ ਜੋੜ ਦਿੰਦਾ ਕਦੇ ਕਿਸੇ ਨੂੰ ਕਿਸੇ ਨਾਲ ।

ਅੱਜ ਉਸ ਨੂੰ ਇਹ ਸਭ ਕੁਝ ਬਹੁਤ ਪਿਆਰਾ ਲੱਗ ਰਿਹਾ ਸੀ । ਫੇਰ ਉਸ ਨੇ ਚੰਨ ਵੱਲ ਨਿਗ੍ਹਾ ਮਾਰੀ ਪੁੰਨਿਆ ਚ ਤਾਂ ਹਲੇ 2-3 ਦਿਨ ਰਹਿੰਦੇ ਸਨ ਪਰ ਚੰਨ ਫੇਰ ਵੀ ਪੂਰੇ ਜੋਬਨ ਤੇ ਸੀ ਚਮਕਦਾਰ ਤੇ ਗੋਲਮਟੋਲ ਜੇਹਾ, ਉਸ ਦਾ ਦਿਲ ਕੀਤਾ ਚੰਨ ਨੂੰ ਚੱਕ ਕੇ ਜੇਬ ਵਿੱਚ ਪਾ ਲਵੇ।

ਫੇਰ ਓਹਨੂੰ ਬਚਪਨ ਦੀ ਗੱਲ ਯਾਦ ਆਈ ਜਦੋਂ ਓਹਨੇ ਨਿੱਕੇ ਹੁੰਦਿਆਂ ਇੱਕ ਵਾਰ ਬੇਬੇ ਕੋਲੋਂ ਚੰਨ ਦੀ ਮੰਗ ਕੀਤੀ ਸੀ ਤਾਂ ਬੇਬੇ ਨੇ ਪਿਆਰ ਨਾਲ ਕਿਹਾ ਸੀ ਪੁੱਤ ਇਹ ਚੰਨ ਤੇਰੇ ਕੱਲੇ ਦਾ ਥੋੜੀ ਆ ਨਾਲੇ ਚੰਨ ਵੀ ਕਦੇ ਕਿਸੇ ਇੱਕ ਦਾ ਹੋਇਆ ਇਹ ਸਭ ਦਾ ਹੁੰਦਾ ।

ਉਹ ਪਿਆ ਪਿਆ ਚੰਨ ਵੱਲ ਦੇਖ ਰਿਹਾ ਸੀ ਕੇ ਚੰਨ ਵਿੱਚੋਂ ਓਹਨੂੰ ਸ਼ੀਤਲ  ਦਿਸਣ ਲੱਗ ਪਈ ਜਿਵੇਂ ਕਹਿ ਰਹੀ ਹੋਵੇ ' ਕੀ ਹੋਇਆ ਰਾਂਝਿਆ ਨੀਂਦ ਨੀ ਆ ਰਹੀ? ਇਹ ਤਾਂ ਹੀਰ ਦੀ ਪਹਿਲੀ ਤੱਕਣੀ ਹੀ ਮਾਰ ਗਈ ਤੈਨੂੰ ਤੇ ਉਹ ਹੱਸਣ ਲੱਗ ਪਈ , ਬਿਲਕੁੱਲ ਓਵੇਂ ਜਿਵੇਂ ਅੱਜ ਦਿਨ ਵੇਲੇ ਉਹ ਕਾਲਜ ਚ ਹੱਸੀ ਸੀ ।

ਸ਼ੀਤਲ ਦਾ ਚੇਹਰਾ ਵਾਰ ਵਾਰ ਓਹਦੀਆਂ ਅੱਖਾਂ ਅੱਗੇ ਘੁੰਮ ਰਿਹਾ ਸੀ ।

ਓਹੀ ਫਿੱਕੇ ਗੁਲਾਬੀ ਰੰਗ ਦਾ ਸੂਟ ,ਲੰਬੇ ਕਾਲੇ ਵਾਲਾਂ ਦੀ ਗੁੱਤ ਜੋ ਓਹਨੇ ਮੋਢੇ ਉੱਤੋਂ ਦੀ ਛਾਤੀ ਤੇ ਸਿੱਟੀ ਹੋਈ ਸੀ , ਜਿਵੇਂ ਕੱਚੇ ਗੁਲਾਬਾਂ ਤੇ ਕੋਈ ਕਾਲਾ ਫਨੀਅਰ ਨਾਗ ਪਿਆ ਹੋਵੇ,,ਗੋਲ ਚੇਹਰਾ, ਭਰਵੀਆਂ ਤੇ ਗੋਰੀਆਂ ਗੱਲ੍ਹਾਂ ਤੇ ਗੱਲ੍ਹਾਂ ਵਿੱਚ ਥੋੜੀ ਥੋੜੀ ਲਾਲੀ ,ਜਿਵੇਂ ਕਿਸੇ ਨੇ ਮੱਖਣ ਦੇ ਪੇੜੇ ਉੱਤੇ ਹਲਕਾ ਹਲਕਾ ਸੰਧੂਰ ਧੂੜ ਦਿੱਤਾ ਹੋਵੇ ਤੇ ਗੋਲ ਮੁਖੜੇ ਦੇ ਨਿਗ੍ਹਾ ਵਾਲੀ ਗੋਲ ਫਰੇਮ ਵਾਲੀ ਐਨਕ ਤੇ ਚੋੜਾ ਮੱਥਾ ਜਿਵੇਂ ਕੋਈ ਕੋਹਕਾਫ਼ ਦੀ ਪਰੀ ਨੂੰ  ਉਜ਼ਬੇਕਿਸਤਾਨ ਦੀ ਕਾਫ਼ ਦੀ ਪਹਾੜੀ ਜਿਸਨੂੰ ਕੋਹਕਾਫ਼ ਅਤੇ Land of pari  ਵੀ ਕਹਿੰਦੇ ਆ  ਤੋਂ ਲਾਹ ਕੇ ਪੰਜਾਬ ਲੈ ਆਇਆ ਹੋਵੇ ।

ਉਸ ਨੇ ਫੇਰ ਚੰਨ ਵੱਲ ਨਜ਼ਰ ਮਾਰੀ ਉਸ ਵਿੱਚ ਫੇਰ ਉਸਨੂੰ ਸ਼ੀਤਲ ਦਾ ਚੇਹਰਾ ਨਜ਼ਰ ਆਇਆ ਉਹ

ਹਲਕਾ ਜਿਹਾ ਮੁਸਕਰਾਇਆ ਤੇ ਹੋਲੀ ਜਹੇ ਬੋਲਿਆ ਕਮਲੀਏ ਕਿਤੇ ਨਜ਼ਰ ਨਾ ਲਵਾ ਲਈ, ਤੇ ਉਸਨੇ ਥੋੜਾ ਜਿਹਾ ਥੁੱਕ ਵੀ ਦਿੱਤਾ ਤੇ ਮੂੰਹ ਤੇ ਖੇਸ ਲੈ ਕੇ ਸੌਂ ਗਿਆ......|

ਸਵੇਰ ਸਾਰ 4 ਵਜੇ ਗੁਰਦਵਾਰੇ ਵਾਲੇ ਗਿਆਨੀ ਜੀ ਨੇ ਵਾਕ ਲਿਆ ਤਾਂ ਏਕਮ ਵਾਹਿਗੁਰੂ ਵਾਹਿਗੁਰੂ ਕਹਿੰਦਾ ਉੱਠ ਕੇ ਬੈਠਾ ਹੋ ਗਿਆ,

ਕਹਿੰਦੇ ਹੁੰਦੇ ਆ ਕੇ ,,,
ਯਾਰੀ ਇਨਸਾਨ ਦੀ ਨੀਂਦ ਉਡਾ ਦਿੰਦੀ ਆ ਲੱਗੀ ਵੀ ਤੇ ਟੁੱਟੀ ਵੀ ।

ਕੋਈ ਕੋਈ ਤਾਰਾ ਹਲੇ ਵੀ ਅਸਮਾਨ ਤੇ ਚਮਕ ਰਿਹਾ ਸੀ ਤੇ ਰਾਤ ਵਾਲਾ ਚੰਨ ਘੁੰਮ ਕੇ ਦੱਖਣ ਦੀ ਗੁੱਠੇ ਜਾ ਲੱਗਾ ਸੀ ।

ਉਹਨੇ ਚੱਪਲਾਂ ਪਾਈਆਂ ਤੇ ਲੱਕੜ ਦੀ ਪੌੜੀ ਦੇ ਟੰਬਿਆਂ ਤੇ ਪੈਰ ਧਰਦਾ ਧਰਦਾ ਥੱਲੇ ਉੱਤਰ ਆਇਆ।

ਅੱਗੇ ਤਾਂ ਉਹ ਗੋਡੇ ਗੋਡੇ ਸੂਰਜ ਚੜੇ ਤੋਂ ਵੀ ਅਵਾਜ਼ਾਂ ਮਾਰ ਕੇ ਮਸਾਂ ਉਠਾਉਣਾ ਪੈਂਦਾ ਸੀ,,ਫੇਰ ਅੱਜ ਕੀ ਹੋ ਗਿਆ ਸੀ ਸਾਰੇ ਹੈਰਾਨ ਸਨ । ਬੇਬੇ ਬੋਲੀ 'ਵੇ ਏਕਮਪ੍ਰੀਤ ਅੱਜ ਸੂਰਜ ਛਿਪਦੇ ਚੋਂ ਤਾਂ ਨੀ ਚੜ ਆਇਆ ਕਿਤੇ।

ਏਕਮ ਆਪਣੀ ਮਾਂ ਨੂੰ ਜੱਫੀ ਪਾਉਂਦਾ ਬੋਲਿਆ ਸੂਰਜ ਤਾਂ ਹਾਲੇ ਚੜ੍ਹਿਆ ਹੀ ਨੀ ਬੇਬੇ ,ਇਹ ਤਾਂ ਤੇਰਾ ਹੀ ਚੰਨ ਕੋਠੇ ਤੋਂ ਉੱਤਰਿਆ ਏ ਤੇ ਉਹ ਹੱਸ ਪਿਆ ।

ਫੇਰ ਉਹ ਵੇਹੜੇ ਵਿਚਲੀ ਟਾਹਲੀ ਤੋਂ ਦਾਤਣ ਤੋੜ ਕੇ ਮੂੰਹ ਚ ਪਾ ਕੇ ਬਾਹਰ ਖੇਤਾਂ ਵੱਲ ਨਿਕਲ ਗਿਆ ।

ਸੂਏ ਦੀ ਪੱਟੜੀ ਦੇ ਨਾਲ ਨਾਲ ਤੁਰਦਿਆਂ ਸਫੈਦੇ ਦੇ ਰੁੱਖਾਂ ਉੱਪਰ ਚਾਹਿਕਦੇ ਪੰਛੀ ਕੁਦਰਤ ਦੀ ਹੋਂਦ ਦਾ ਅਹਿਸਾਸ ਕਰਾ ਰਹੇ ਸਨ ।

ਉਸਦੇ ਮੂੰਹੋਂ ਆਪ ਮੁਹਾਰੇ ਗੁਰਬਾਣੀ ਦਾ ਵਾਕ ਨਿਕਲ ਗਿਆ,
ਬਲਿਹਾਰੀ ਕੁਦਰਤਿ ਵਸਿਆ।।

ਤੇਰਾ ਅੰਤੁ ਨ ਜਾਈ ਲਖਿਆ ।।

ਓਹਨੂੰ ਲੱਗਾ ਜਿਵੇਂ ਉਹ ਕਿਸੇ ਸਵਰਗ ਚ ਆ ਗਿਆ ਹੋਵੇ ,ਤੇ ਹੁਣੇ ਹੀ ਜੰਨਤ ਦੀਆਂ ਹੂਰਾਂ ਓਹਦੇ ਲਈ ਅੰਗੂਰਾਂ ਦੀ ਸ਼ਰਾਬ ਦੇ ਪਿਆਲੇ ਲੈ ਕੇ ਆਉਣ ਗੀਆਂ,, ਨਾਲੇ ਸਿਆਣੇ ਕਹਿੰਦੇ ਹੁੰਦੇ ਆ ਕੇ ਜਦੋਂ ਕਿਸੇ ਨੂੰ ਇਸ਼ਕ ਹੋ ਜਾਵੇ ਤਾਂ ਓਹਨੂੰ ਦੁਨੀਆਂ ਦੀ ਹਰ ਚੀਜ਼ ਹਸੀਨ ਤੇ ਮਨਮੋਹਣੀ ਲੱਗਣ ਲੱਗ ਜਾਂਦੀ ਆ।

ਪਰ ਓਹਦਾ ਇਸ਼ਕ ਵੀ ਤਾਂ ਖਿਆਲੀ ਹੀ ਸੀ ਹਵਾ ਚ ਬਣੇ ਹਵਾਈ ਕਿਲ੍ਹੇ ਵਰਗਾ ਜਿਸਦਾ ਕੋਈ ਵਜ਼ੂਦ ਹੀ ਨਹੀਂ ਸੀ,,ਕਿਉਂਕਿ ਸ਼ੀਤਲ ਨੇ ਤਾਂ ਏਦਾਂ ਦੀ ਕੋਈ ਗੱਲ ਹੀ ਨਹੀਂ ਸੀ ਕੀਤੀ ਜਿਸਨੂੰ ਇਸ਼ਕ਼ ਦਾ ਨਾਮ ਦਿੱਤਾ ਜਾ ਸਕੇ।

ਸਵੇਰ ਦੀ ਕਿਰਿਆ ਤੋਂ ਵਿਹਲੇ ਹੋ ਕੇ ਸੂਏ ਵਾਲੇ ਨਲਕੇ ਤੋਂ ਕੁਰਲਾ ਵਗੈਰਾ ਕਰਕੇ ਉਹ ਘਰ ਵੱਲ ਤੁਰ ਪਿਆ ।

ਉਸਦੇ ਮੁੜਨ ਤੱਕ ਬੇਬੇ ਚਾਹ ਗਿਲਾਸ ਚ ਪਾ ਕੇ ਨਾਲ਼ ਚੌਲਾਂ ਦੀਆਂ ਬਣੀਆਂ ਪਿੰਨੀਆਂ ਰੱਖੀ ਬੈਠੀ ਸੀ,, ਜਦ ਓਹਨੇ  ਪਿੰਨੀ ਤੇ ਦੰਦੀ ਵੱਡੀ ਤਾਂ ਅੱਜ ਚੌਲਾਂ ਦੀ ਪਿੰਨੀ ਚੋਂ ਵੀ ਓਹਨੂੰ ਕੋਟਕਪੂਰੇ ਦੇ ਢੋਡਾ ਚੌਂਕ ਵਾਲੇ ਢੋਡੇ ਦਾ ਸਵਾਦ ਆਇਆ ਤੇ ਗੁੜ ਦੀ ਚਾਹ ਓਹਨੂੰ ਕੈਪੇਚੀਨੋ ਤੋਂ ਵੀ ਵੱਧ ਸਵਾਦ ਲੱਗੀ।

ਬੇਬੇ ,,ਬਾਪੂ ਕਿੱਥੇ ਗਿਆ ? ਵੇਹੜੇ ਵੱਲ ਨਿਗ੍ਹਾ ਮਾਰਦੇ ਏਕਮ ਨੇ ਸਵਾਲ ਕੀਤਾ।

ਵੇ ਜਾਣਾ ਕਿਹੜੇ ਖੂਹ ਚ ਆ ਦਿਹਾੜੀਆਂ ਵੱਲ ਗਿਆ ਹੋਣਾ !
ਤੜਕੇ ਆ..ਹ  ਬਰਾੜਾਂ ਦਾ ਨੱਥੂ ਆਇਆ ਸੀ ਕਹਿੰਦਾ ਸੀ ,ਚਾਚੀ 6:30 ਵੱਜਦੇ ਨੂੰ ਘੁੱਪਾ ਲਾ ਦੇਣਾ ਆਪਾਂ , ਕੱਲ ਫੇਰ ਨੰਬਰਦਾਰ ਕੇ ਲੱਗਣਾ।

ਏਕਮ ਨੇ ਘੜੀ ਵੱਲ ਨਿਗ੍ਹਾ ਮਾਰੀ 5:30 ਵੱਜ ਚੁੱਕੇ ਸਨ । ਉਸਨੂੰ ਲੱਗਿਆ ਜਿਵੇਂ ਘੜੀ ਦੀਆਂ ਸੂਈਆਂ ਅੱਜ ਥੱਕ ਗਈਆਂ ਹੋਣ ਤੇ ਉਹਨਾਂ ਨੇ ਆਪਣੀ ਰਫ਼ਤਾਰ ਬਿੱਲਕੁੱਲ ਹੌਲੀ ਕਰ ਦਿੱਤੀ ਹੋਵੇ ।

ਅੱਜ ਉਹ ਜਲਦੀ ਜਲਦੀ ਕਾਲਜ ਪਹੁੰਚਣਾ ਚਾਹੁੰਦਾ ਸੀ ਤਾਂ ਕੇ ਜਲਦੀ ਨਾਲ ਕੱਲ ਵਾਲੀ ਪਰੀ ਦੇ ਦਰਸ਼ਨ ਕਰ ਸਕੇ ਪਰ ਘੜੀ ਦੀਆਂ ਸੂਈਆਂ ਸਨ ਜੋ ਅੱਗੇ ਵਧਣ ਦਾ ਨਾਂਅ ਹੀ ਨੀ ਸਨ ਲੈ ਰਹੀਆਂ ।

ਇੰਨ੍ਹੇ ਨੂੰ ਬੁੜਬੜਾਉਂਦਾ ਓਹਦਾ ਬਾਪੂ ਅੰਦਰ ਆਇਆ ਸਾਈਕਲ ਓਹਨੇ ਪਸ਼ੂਆ ਵਾਲੇ ਪੜਛੱਤੇ ਦੀ ਬੁਰਜੀ ਨਾਲ ਖੜਾ ਕਰ ਦਿੱਤਾ। ਉਹ ਕਾਫੀ ਗੁੱਸੇ ਚ ਲੱਗ ਰਿਹਾ ਸੀ ਤੇ ਪਸੀਨੇ ਨਾਲ ਓਹਦਾ ਕੁੜਤਾ ਪੂਰਾ ਭਿੱਜਇਆ ਹੋਇਆ ਸੀ ।

ਏਕਮ ਦੀ ਬੇਬੇ ਓਹਨੂੰ ਪਾਣੀ ਦਾ ਗਲਾਸ ਫੜਾਉਂਦੀ ਬੋਲੀ ਕੀ ਹੋਇਆ 'ਦੀਪੀ ਦੇ ਬਾਈ ' ਬੜਾ ਗੁੱਸੇ ਚ ਲੱਗਦਾਂ। ਏਕਮ ਦੀ ਵੱਡੀ ਭੈਣ ਦਾ ਨਾਮ ਸੰਦੀਪ ਕੌਰ ਸੀ ਪਰ ਘਰ ਦੇ ਓਹਨੂੰ ਪਿਆਰ ਨਾਲ ਦੀਪੀ ਹੀ ਕਹਿੰਦੇ ਸੀ , ਜੋ ਏਕਮ ਦੇ ਪਿਓ ਨੇ ਭਲੇ ਵੇਲਿਆਂ ਚ ਸ੍ਰੀ ਗੰਗਾਨਗਰ ਕੋਲ ਲਾਲਗੜ੍ਹ ਜੱਟਾਂ ਪਿੰਡ ਵਿਆਹ ਦਿੱਤੀ ਸੀ ਉਹ ਆਪਣੇ ਸਹੁਰੇ ਘਰ ਬਹੁਤ ਸੁਖੀ ਸੀ।
ਉਹ ਆਪਣੀ ਭੂਆ ਦੀ ਰੀਸ ਨਾਲ ਆਪਣੇ ਬਾਪੂ ਨੂੰ ਬਾਈ ਹੀ ਕਹਿੰਦੀ ਹੁੰਦੀ ਸੀ ।

ਗੱਲ ਹੀ ਗੁੱਸੇ ਆਲੀ ਆ ਬਾਪੂ ਹੌਂਕਦਾ ਬੋਲਿਆ ,ਆਹ ਭਾਨੀਮਾਰਾਂ ਦੇ ਮਿੱਠੂ ਨੂੰ ਰਾਤ ਚੰਗਾ ਭਲਾ ਕਹਿਕੇ ਆਇਆ ਸੀ ਕਿ ਬਾਈ ਕੱਲ ਆਪਣੇ ਦਾਣੇ ਕੱਢਣ ਆਲਾ ਹਾੜੰਬਾ ਲੱਗਣਾ ਕਿਸੇ ਹੋਰ ਦੇ ਨਾ ਜਾਈਂ,,,ਰਾਤ ਕਹਿੰਦਾ ਸੀ ਬਾਈ ਤੂੰ ਭੋਰਾ ਫ਼ਿਕਰ ਨਾ ਕਰ ਕੱਲ ਥੋਡੇ ਹੀ ਆਉਂ।
ਹੁਣ ਜਦੋਂ ਮੈਂ ਸੱਦਣ ਗਿਆ ,ਓਹਦੇ ਘਰਦੀ ਮੇਰੇ ਸਾਲੇ ਦੀ ਕੱਢ ਕੇ ਦੋ ਗਿੱਠਾਂ ਦਾ ਘੁੰਢ,ਬਲਾਂ ਸਵਾਰ ਕੇ ਕਹਿੰਦੀ 'ਬਾਈ ਉਹ ਤਾਂ ਜ਼ੈਲਦਾਰਾਂ ਦੇ ਉਠ ਗਿਆ ਉਹਨਾਂ ਨੇ ਤੂੜੀ ਢੋਣ ਲੱਗਣਾ ਅੱਜ । ਅਸੀਂ ਉਹਨਾਂ ਦੇ ਪੈਸੇ ਦੇਣੇ ਸੀ,,ਤਾਂ ਉਹ ਜ਼ੋਰ ਪਾ ਕੇ ਲੈਗੇ,,ਪੁੱਛਣ ਵਾਲਾ ਹੋਵੇ ਜਦੋਂ ਮੈਨੂੰ ਹਾਂ ਕੀਤੀ ਸੀ ,ਫੇਰ ਜੈਲਦਾਰਾਂ ਦੇ ਕੀ ਕੁੜੀ ਦਾ ਸਾਕ ਕਰਨ ਗਿਆ।

ਬੰਦਾ ਤਾਂ ਅੱਗੇ ਨੀ ਸਾਲਾ ਮਿਲਦਾ ਕੰਮ ਦੀ ਰੁੱਤ ਆ ਮਸਾਂ ਅੱਜ ਹਾੜੰਬਾ ਮਿਲਿਆ,,ਆਹ ਦੋ ਭਈਏ ਮਸਾਂ ਮਿਲੇ ਆ ਪੰਡਾ ਤਾਂ ਚੱਕ ਲੈਣਗੇ,ਪਰ ਇਹਨਾਂ ਨੂੰ ਵੀ ਤਾਂ ਇੱਕ ਬੰਦਾ ਚੁਕਾਉਣ ਵਾਲਾ ਚਾਹੀਦਾ ਉੱਤੋਂ ਪੰਗਾ ਸਾਲਾ ਰੁੱਗ ਲਾਉਣ ਦਾ ।

6 ਵੱਜ ਚੁੱਕੇ ਸਨ ਏਕਮ 8:15 ਵਾਲੀ ਬੱਸ ਦੀ ਉਡੀਕ ਵਿੱਚ ਸੀ । ਬਾਪੂ ਹਲੇ ਸੋਚ ਹੀ ਰਿਹਾ ਸੀ ਕਿ ਏਨੇ ਨੂੰ ਰਤਨੇ ਫੌਜੀ ਕੇ ਤੇਜੇ ਨੇ ਆ.. ਗੇਟ ਖੜਕਾਇਆ , ਤਾਇਆ ਹਲੇ ਘਰੇ ਹੀ ਫਿਰਦਾਂ ?
ਬਰਾੜਾਂ ਦਾ ਸੀਰੀ ਤਾਂ ਹਾੜੰਬਾ ਲੈ ਕੇ ਥੋਡੇ ਖੇਤ ਪਹੁੰਚ ਵੀ ਗਿਆ ਹੋਣਾ।

ਕੀ ਕਰਾਂ ਤੇਜਿਆ ਬੰਦੇ ਹੀ ਨੀ ਮਿਲਦੇ ਬਾਪੂ ਨੇ ਮਸੋਸੇ ਜੇ ਮੂੰਹ ਨਾਲ ਕਿਹਾ ।

ਦੇਖ ਤਾਇਆ ਅੱਜ ਮੈਂ ਤੇਰੇ ਨਾਲ ਲਵਾ ਦਿੰਨਾ ,ਪਰਸੋਂ ਵੀੜੀ ਤੇ ਤੂੰ ਮੇਰੇ ਨਾਲ ਲਵਾ ਦੀਂ ਕਿਉਂ ਠੀਕ ਆ ਤੇਜੇ ਨੇ ਜਵਾਬ ਦੀ ਉਡੀਕ ਚ ਏਕਮ ਦੇ ਬਾਪੂ ਦੇ ਮੂੰਹ ਵੱਲ ਵੇਖਿਆ ।

ਬਾਪੂ ਨੇ ਵੀ ਅੱਗੋਂ ਹਾਂ ਚ ਸਰ ਹਿਲਾ ਦਿੱਤਾ।

ਤਾਇਆ ਨਾਲੇ ਇਕਮਪ੍ਰੀਤ ਨੂੰ ਲੈ ਚਲਦੇ ਆਂ ਹੋਰ ਨੀ ਤਾਂ ਭਈਆਂ ਨੂੰ ਪੰਡਾ ਹੀ ਚੁਕਾਈ ਚੱਲੂ ।

ਨਹੀਂ ਯਾਰ ਮੁੰਡੇ ਦੀ ਪੜ੍ਹਾਈ ਖਰਾਬ ਹੋਊ ਗੀ ,ਅਨਪੜ੍ਹ ਬਾਪੂ ਨੇ ਮੁੰਡੇ ਦੀ ਪੜ੍ਹਾਈ ਦਾ ਫ਼ਿਕਰ ਕੀਤਾ ।

ਓ...ਤਾਇਆ ਕਿੱਧਰੇ ਨੀ ਖ਼ਰਾਬ ਹੋ ਚੱਲੀ ਇੱਕ ਦਿਨ ਨਾਲ ,ਤੇਜੇ ਨੇ ਫੇਰ ਸਮਝਾਇਆ ।

ਕਿਉਂ ਪੁੱਤ ਚੱਲੇਗਾਂ ਸਾਡੇ ਨਾਲ ਖੇਤ ? ਬਾਪੂ ਨੇ ਏਕਮ ਵੱਲ ਮੁੜਦਿਆਂ ਪੁੱਛੇਆ।

ਏਕਮ ਨੂੰ ਲੱਗਿਆ ਜਿਵੇਂ ਕਿਸੇ ਨੇ 100 ਘੜਾ ਪਾਣੀ ਦਾ ਓਹਦੇ ਸਿਰ ਚ ਪਾ ਦਿੱਤੇ ਹੋਵੇ ,ਓਹਨੂੰ ਤੇਜੇ ਤੇ ਰਹਿ ਰਹਿ ਕੇ ਗੁੱਸਾ ਆ ਰਿਹਾ ਸੀ ।ਪਰ ਓਹ ਬਾਪੂ ਨੂੰ ਨਾਂਹ ਨਾ ਕਰ ਸਕਿਆ ।

ਏਕਮ ਨੇ ਦਰਵਾਜ਼ੇ ਚ ਖੜਾ 2511 ਸਟਾਰਟ ਕੀਤਾ ਤੇ ਉਹ ਤਿੰਨੇ ਖੇਤ ਚਲੇ ਗਏ,, ਓਧਰ ਪੁਰਾਣੇ ਛੋਟੇ ਹਿੰਦੋਸਤਾਨ ਟਰੈਕਟਰ ਮਗਰ ਪਾਏ ਹਾੜੰਬੇ ਨੇ ਦਾਣਿਆਂ ਦੇ ਢੇਰ ਲਾਉਣੇ ਸ਼ੁਰੂ ਕਰ ਦਿੱਤੇ ।

ਤੇਜਾ ਤੇ ਏਕਮ ਰੁੱਗ ਲਾਉਣ ਲੱਗ ਪਏ ,ਸੁੱਕਾ ਲਾਂਗਾਂ ਹੱਥ ਲਾਇਆਂ ਭੁਰਦਾ ਸੀ,,ਏਕਮ ਦੀਆਂ ਅੱਖਾਂ ਅੱਗੇ ਸ਼ੀਤਲ ਘੁੰਮ ਰਹੀ ਸੀ ਇੱਕ ਵਾਰ ਤਾਂ ਓਹਦਾ ਹੱਥ ਟੋਕੇ ਚ ਆਉਂਦਾ ਆਉਂਦਾ ਮਸਾਂ ਬਚਿਆ , ਬਾਪੂ ਨੇ ਉਹਨੂੰ ਰੁੱਗ ਲਾਉਣੋਂ ਹਟਾ ਕੇ ਭਰੀਆਂ ਚਕਾਉਣ ਲਾ ਦਿੱਤਾ ।

8:15 ਵਾਲੀ ਬੱਸ ਓਹਦੇ ਕੋਲ ਦੀ ਧੂੜ ਉਡਾਉਂਦੀ ਲੰਘ ਗਈ ..... ਸ਼ਾਮ ਤੱਕ ਉਹਨਾਂ ਨੇ ਤਕਰੀਬਨ ਕੰਮ ਨਬੇੜ ਹੀ ਲਿਆ ਸੀ ।

ਕੱਲੀ ਤੂੜੀ ਹੀ ਰਹਿ ਗਈ ਸੀ ਖੇਤ ,ਓਹਨੂੰ ਤਾਂ ਉਹਨਾਂ ਨੇ ਖੇਤ ਹੀ ਲਿੱਪਣਾ ਸੀ ,ਉਹ ਬਾਅਦ ਦਾ ਕੰਮ ਸੀ
ਬਾਕੀ ਰਹੀ ਕਣਕ ਦੀ ਗੱਲ ਖਾਣ ਜੋਗੀ ਕਣਕ ਘਰੇ ਰੱਖ ਕੇ ਬਾਕੀ ਆੜ੍ਹਤੀਆਂ ਦੇ ਸੁੱਟ ਦਿੱਤੀ ਸੀ।

ਥੱਕਿਆ ਹਾਰਿਆ ਏਕਮ ਘਰੇ ਤੇ ਬਾਪੂ ਮੰਡੀ ਕਣਕ ਦੀ ਢੇਰੀ ਕੋਲ ਸੌਂ  ਗਿਆ......|

ਅੱਜ ਜਦੋਂ ਏਕਮ ਸਵੇਰੇ ਉੱਠਿਆ ਤਾਂ ਕੱਲ੍ਹ ਵਾਲੀ ਥਕਾਵਟ ਨਾਲ ਓਹਦਾ ਪੂਰਾ ਸਰੀਰ ਦਰਦ ਕਰ ਰਿਹਾ ਸੀ,,ਉਹ ਲੱਤਾਂ ਨੂੰ ਆਸਰਾ ਦਿੰਦਾ ਹੇਠਾਂ ਉੱਤਰਿਆ ।

ਅੱਜ ਉਸ ਵਿੱਚ ਕੱਲ ਜਿੰਨੀ ਫੁਰਤੀ ਨਹੀਂ ਸੀ,,ਅੱਜ ਉਹ ਥੋੜੀ ਦੂਰ ਤੱਕ ਹੀ ਗਿਆ ਤੇ ਘਰ ਆ ਕੇ ਚਾਹ ਨਾਲ ਹੀ 2  ਪਰੌਂਠੇ ਖਾ ਕੇ ਸ਼ਹਿਰ ਵਾਲੀ ਬੱਸ ਚੜ ਗਿਆ ।

ਸ਼ੀਤਲ ਉਸ ਤੋਂ ਪਹਿਲਾਂ ਹੀ ਕਾਲਜ ਪਹੁੰਚ ਚੁੱਕੀ ਸੀ,,ਉਹ ਗੇਟ ਤੇ ਹੀ ਖੜੀ ਸੀ ਏਕਮ ਨੇ ਸੋਚਿਆ ਵੀ ਨਹੀਂ ਸੀ ਕੇ ਉਹਨਾਂ ਦੀ ਪਹਿਲੀ ਮੁਲਾਕਾਤ ਹੀ ਏਨਾ ਰੰਗ ਲੈ ਲਵੇਗੀ।

ਕੱਲ੍ਹ ਕਿਥੇ ਸੀ ਸਾਰਾ ਦਿਨ ? ਸ਼ੀਤਲ ਨੇ ਬਗ਼ੈਰ ਓਹਦਾ ਹਾਲ ਚਾਲ ਪੁੱਛੇ ਤੋਂ ਸਿੱਧਾ ਹੀ ਸਵਾਲ ਕੱਢ ਮਾਰਿਆ ।

ਹੋਣਾ ਕਿੱਥੇ ਸੀ ਸ਼ੀਤਲ, ਕੱਲ੍ਹ ਖੇਤ ਕਣਕ ਕੱਢਦੇ ਸੀ ਦਾਣੇ ਸ਼ਬਦ ਓਹਨੇ ਇਸ ਲਈ ਨਹੀਂ  ਵਰਤਿਆ ਕੇ ਸ਼ਇਦ ਸ਼ੀਤਲ ਨੂੰ ਸਮਝ ਨਾ ਆਵੇ।

ਅੱਛਾ ਜੀ ਮਤਲੱਬ ਮੁੰਡਾ ਕਬੀਲਦਾਰ ਹੋ ਗਿਆ ? ਸ਼ੀਤਲ ਬੋਲੀ।

ਕਈ ਵਾਰ ਹਾਲਾਤ ਇਨਸਾਨ ਨੂੰ ਓਹਦੀ ਉਮਰ ਤੋਂ ਪਹਿਲਾਂ ਹੀ ਕਬੀਲਦਾਰ ਬਣਾ ਦਿੰਦੇ ਹਨ ਝੱਲੀਏ ,ਏਕਮ ਜ਼ਮੀਨ ਤੇ ਪਏ ਘਾਹ ਦੇ ਤੀਲੇ ਤੇ ਨਜ਼ਰਾਂ ਟਿਕਾਉਂਦਾ ਬੋਲਿਆ ।

ਚੁੱਪ ਚੁੱਪ ਤੂੰ ਤਾਂ ਸਰੀਅਸ ਹੀ ਹੋ ਗਿਆ ਮੈਂ ਤਾਂ ਉਂਝ ਹੀ ਕਿਹਾ ਸੀ ਆਹ ਲੈ ਸੌਰੀ ਬਾਬਾ ....ਸ਼ੀਤਲ ਆਪਣੇ ਦੋਵੇਂ ਹੱਥ ਕੰਨਾਂ ਨੂੰ ਲਾਉਂਦੀ ਬੋਲੀ ਕਿਤਾਬਾਂ ਓਹਨੇ ਕੱਛ ਚ ਲੈ ਲਈਆਂ ।

ਸੌਰੀ ਕਿਸ ਲਈ ਚੱਲ ਛੱਡ ਸਭ ,ਆ ਕਲਾਸ ਲਾਈਏ।

ਨਹੀਂ ਯਾਰ ਏਕਮ ਅੱਜ ਕਲਾਸ ਨੀਂ ਚੱਲ ਕੰਟੀਨ ਤੇ ਚਲਦੇ ਆਂ
ਤੇ ਉਹ ਦੋਨੋਂ ਕੰਟੀਨ ਤੇ ਬੈਠ ਗਏ ।

ਸ਼ੀਤਲ ਨੇ ਗੱਲ ਸ਼ੁਰੂ ਕੀਤੀ ਹੋਰ ਸੁਣਾ ਜ਼ਿੰਦਗੀ ਕਿਵੇਂ ਚੱਲ ਰਹੀ ਆ?

ਜ਼ਿੰਦਗੀ ਚਲਦੀ ਨੀ ਹੁੰਦੀ ਸ਼ੀਤਲ ਇਹ ਤਾਂ ਚਲਾਉਣੀ ਪੈਂਦੀ ਆ ਖਰਾਬ ਹੋਈ ਕਾਰ ਵਾਂਗ ਧੱਕੇ ਦੇ ਦੇ ਕੇ,,ਤਕਦੀਰ ਦੇ ਆਸਰੇ ਛੱਡ ਕੇ ਵਕ਼ਤ ਲੰਘਾ ਲਈ ਦਾ ਬੱਸ।

ਵੇ ਯਾਦ ਰੱਖੀਂ ਜੇ ਸਭ ਕੁੱਝ ਤਕਦੀਰ ਤੇ ਛੱਡ ਦੇਈਏ ਤਾਂ ਤਕਦੀਰ ਤੁਹਾਡੇ ਕੋਲ ਕੁਝ ਵੀ ਨਹੀ ਛੱਡਦੀ ,ਸ਼ੀਤਲ ਓਹਦੇ ਨਾਲ ਨਜ਼ਰਾਂ ਮਿਲਾਉਂਦੀ ਬੋਲੀ ।

ਪਰ ਜੇ ਰੱਬ ਨੇ ਤਕਦੀਰ ਚ ਹੀਰ ਨਾ ਲਿਖੀ ਹੋਵੇ ਨਾ ਸ਼ੀਤਲ ਫ਼ੇਰ ਮੱਝਾਂ ਚਰਾਉਣ ਨਾਲ ਉਹ ਮਿਲ ਨੀ ਜਾਂਦੀ ।

ਪਰ ਜੇ ਪਿਆਰ ਵਿਹਾਉਣ ਦਾ ਸ਼ੌਂਕ ਹੋਵੇ ਤਾਂ ਮਿਰਜ਼ਾ ਵੀ ਬਣਨਾ ਪੈਂਦਾ ਨਹੀਂ ਤਾਂ ਬਾਰਾਂ ਸਾਲਾਂ ਬਾਅਦ ਵੀ ਤਕਦੀਰ ਦੇ ਭਰੋਸੇ ਬੈਠੇ ਰਾਂਝੇ ਕੋਲੋਂ ਹੀਰ ਖੇੜੇ ਖੋਹ ਕੇ ਲੈ ਜਾਂਦੇ ਆ ,ਸ਼ੀਤਲ ਆਪਣੇ ਭਰਵੱਟੇ ਹਿਲਾਉਂਦੀ ਬੋਲੀ ।

ਅਸੀਂ ਪਿੰਡਾਂ ਵਾਲੇ ਆਂ ਸ਼ੀਤਲ ,ਕਿਸਮਤ ਤੇ ਭਰੋਸਾ ਕਰਨਾ ਕਿੰਝ ਛੱਡ ਦਈਏ ਤੇਰੇ ਸ਼ਹਿਰ ਦੇ ਲੋਕ ਆਪਣੀ ਦੌਲਤ ਲੌਕਰ ਚ ਰੱਖ ਕੇ ਸੌਂਦੇ ਹੋਣਗੇ ।ਪਰ ਅਸੀਂ ਸਾਰੇ ਸਾਲ ਦੀ ਕਮਾਈ ਭਾਵ ਫ਼ਸਲ ਖੁੱਲ੍ਹੇ ਅਸਮਾਨ ਥੱਲੇ ਛੱਡ ਕੇ ਸੌਂ ਜਾਣੈ ਆ ਸਿਰਫ਼ ਇੱਕ ਤਕਦੀਰ ਦੇ ਭਰੋਸੇ।

ਐਵੇਂ ਨੀ ਵਾਰਿਸ ਸ਼ਾਹ ਨੇ ਕਿਹਾ ਸੀ

ਗਿਆ ਭੱਜ ਤਕਦੀਰ ਦੇ ਨਾਲ ਠੂਠਾ ਲੈ ਜਾਹ ਕੀਮਤ ਮੱਟ ਦੀ ਵੇ,
ਤਕਦੀਰ ਅੱਲਾ ਦੀ ਨੂੰ ਕੌਣ ਮੋੜੇ ਤਕਦੀਰ ਪਹਾੜਾਂ ਨੂੰ ਕੱਟ ਦੀ ਵੇ,
ਆਦਮ ਹਵਾ ਨੂੰ ਕੱਢ ਬਹਿਸ਼ਤ ਵਿਚੋਂ ਤਕਦੀਰ ਜ਼ਮੀਨ ਤੇ ਸੱਟ ਦੀ ਵੇ,
ਸੁਲੇਮਾਨ ਝੋਖੇ ਭੱਠ ਮਾਛੀਆਂ ਦੇ ਤਖਤ ਚਾੜ੍ਹ ਤਕਦੀਰ ਉਲੱਟ ਦੀ ਵੇ,
ਮੂਸਾ ਲੰਗਿਆ ਪਾਰ ਫਿਰਔਣ ਉਤੇ ਤਕਦੀਰ ਦਰਯਾ ਪਲੱਟ ਦੀ ਵੇ,
ਯੂਸਫ ਜਿਹਾਂ ਪੈਗੰਬਰਾਂ ਜ਼ਾਦਿਆਂ ਨੂੰ ਤਕਦੀਰ ਖੂਹੇ ਵਿੱਚ ਸੱਟ ਦੀ ਵੇ।

ਸ਼ੀਤਲ ਬੋਲੀ ਜਿੱਥੇ ਤਕਦੀਰ ਹੀਰ ਨੂੰ ਖੋਹ ਲਵੇ ਉਥੇ ਤਦਬੀਰ (ਕੋਸ਼ਿਸ਼) ਕਰਕੇ ਕੰਨ ਪੜਵਾਉਣ ਨਾਲ ਹੀਰ ਫ਼ੇਰ ਤੋਂ ਮਿਲ ਵੀ ਜਾਂਦੀ ਆ ।

ਉਹ ਦੋਨੋਂ ਹੀ ਆਪਣੀ ਆਪਣੀ ਜਗ੍ਹਾ ਠੀਕ ਸਨ,,ਪਰ ਕਿਸੇ ਨਤੀਜੇ ਤੇ ਪੁੱਜ ਸਕਣ ਇਹ ਨਾ ਹੋਇਆ,, ਆਖ਼ਿਰ ਕੰਟੀਨ ਤੋਂ ਲਈ ਚਾਹ ਦੀਆਂ ਆਖਰੀ ਘੁੱਟਾਂ ਭਰਦੇ ਉਹ ਕਲਾਸ ਰੂਮ ਵੱਲ ਤੁਰ ਪਏ ।

ਉਹਨਾਂ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਛੁੱਟੀ ਦਾ ਟਾਈਮ ਹੋ ਗਿਆ ਓਹਨਾ ਨੇ ਇੱਕ ਦੂਜੇ ਤੋਂ ਅਲਵਿਦਾ ਲਈ ਤੇ ਅਪੋ ਆਪਣੇ ਰਸਤੇ ਪੈ ਗਏ ।

ਏਕਮ ਘਰ ਆਇਆ ਉਸਨੇ ਦੇਖਿਆ ਬਾਪੂ ਹਾਲੇ ਮੰਡੀਓ ਆਇਆ ਨਹੀਂ ਸੀ ,

ਓਹਨੇ ਬੇਬੇ ਨੂੰ ਆਵਾਜ਼ ਦਿੱਤੀ ...ਬੇਬੇ ਰੋਟੀ ਲਾਹ ਦੇ ਮੈਂ ਜਾਨਾ ਮੰਡੀ ਕਣਕ ਕੋਲ ਤੇ ਬਾਪੂ ਨੂੰ ਘਰੇ ਭੇਜ ਦੂ ਗਾਂ ਨਾਲੇ ਆ ਕੇ ਓਹ ਨਹਾ ਧੋ ਲੂ ਗਾ ਕੱਲ੍ਹ ਦਾ ਗਿਆ ਹੋਇਆ ਮੰਡੀ ਉਹ।

ਠੀਕ ਆ ਬਣਾ ਦਿੰਨੀ ਆ ਬੇਬੇ ਨੇ ਸਵਾਤ ਚੋਂ ਆਵਾਜ਼ ਦਿੱਤੀ ।

ਉਹ ਹਾਲੇ ਰੋਟੀ ਬਣਾ ਹੀ ਰਹੀ ਸੀ ਕਿ ਏਨੇ ਨੂੰ ਬਾਪੂ ਆ ਗਿਆ,,ਲੈ ਬਾਪੂ ਤਾਂ ਆ ਵੀ ਗਿਆ ਧਾਰ ਚੋਅ ਕੇ ਦੁੱਧ ਦੀ ਬਾਲਟੀ ਚੱਕੀ ਆਉਂਦੀ ਨਿੱਕੋ ਬੋਲੀ।

ਆ ਗਿਆਂ ਬਾਪੂ ਵਿੱਕ ਗਈ ਕਣਕ ਏਕਮ ਨੇ ਪਾਣੀ ਦਾ ਗਲਾਸ ਫੜਾਉਂਦਿਆ ਪੁੱਛਿਆ ।

ਹਾਂ ਸ਼ੇਰਾ ਵਿੱਕ ਗਈ ਪਰ ਬਾਪੂ ਦੀ ਆਵਾਜ਼ ਚ ਗੜਕ ਨਹੀਂ ਸੀ ਏਕਮ ਸਮ੍ਹਝ ਗਿਆ ਕਿ ਇਸ ਵਾਰ ਫੇਰ ਆੜ੍ਹਤੀਏ ਦੇ ਪੈਸੇ ਸਿਰ ਟੁੱਟਗੇ ਹੋਣ ਗੇ ।

ਇਸ ਵਾਰੀ ਕਣਕ ਨੇ ਛਿੰਦੋ ਦੇ ਵਿਆਹ ਦਾ ਸਾਰਾ ਕਰਜ਼ਾ ਲਾਹ ਤਾ ।
ਛਿੰਦੋ ਏਕਮ ਦੀ ਦੂਜੇ ਨੰਬਰ ਦੀ ਭੈਣ ਜਿਸਦਾ ਵਿਆਹ 8 ਕੁ ਮਹੀਨੇ ਪਹਿਲਾਂ ਕੀਤਾ ਸੀ ।
ਹੁਣ ਨਿੱਕੋ ਤੇ ਏਕਮ ਹੀ ਰਹਿ ਗਏ ਸਨ ਵਿਹਾਉਣ ਵਾਲੇ ।

ਏਕਮ ਚੁੱਪ ਕਰਕੇ ਕੋਠੇ ਤੇ ਜਾ ਕੇ ਪੈ ਗਿਆ ਅੱਜ ਓਹਨੂੰ ਕੋਈ ਚੰਨ ਦੀ ਖਿੱਚ ਨਹੀਂ ਸੀ ਫ਼ੇਰ ਉਹਨੂੰ ਯਾਦ ਆਇਆ ਕੇ ਸੱਚ ਕੱਲ੍ਹ ਸ਼ੀਤਲ ਦਾ ਜਨਮਦਿਨ ਆ ਤੇ ਓਹਨੇ ਘਰੇ ਪਾਰਟੀ ਤੇ ਬੁਲਾਇਆ ਏ।

****

ਜਦ ਤੱਕ ਏਕਮ ਨਾ ਆ ਗਿਆ, ਸ਼ੀਤਲ ਨੇ ਕਾਲਜ ਅੰਦਰ ਪੈਰ ਤੱਕ ਨਾ ਧਰਿਆ ਕਿਉਂਕੇ ਓਹ ਚਾਹੁੰਦੀ ਸੀ ਕਿ ਸਭ ਤੋਂ ਪਹਿਲਾ ਏਕਮ ਉਹਨੂੰ wish ਕਰੇ ਬਾਅਦ ਵਿੱਚ ਹੋਰ ਕੋਈ ,,ਤੇ ਹੋਇਆ ਵੀ ਏਦਾਂ ਹੀ ।

ਥੋੜਾ ਚਿਰ ਕਾਲਜ ਰੁਕਣ ਤੋਂ ਬਾਅਦ ਸ਼ੀਤਲ ਘਰ ਚੱਲੀ ਗਈ ਕਿਉਂ ਕੇ ਓਹਨੇ ਪਾਰਟੀ ਦੀ ਤਿਆਰੀ ਵੀ ਕਰਨੀ ਸੀ |

ਸ਼ੀਤਲ ਦਾ ਘਰ ਸਰਕਟ ਹਾਊਸ ਲੰਘ ਕੇ ਪੁਰਾਣੀ ਜੇਲ ਰੋਡ ਤੇ ਸੀ।

ਏਕਮ ਤੇ ਕੁਝ ਹੋਰ ਕੁੜੀਆਂ ਮੁੰਡੇ ਆਟੋ ਲੈ ਕੇ ਸ਼ੀਤਲ ਦੇ ਘਰ ਪਹੁੰਚ ਗਏ,,ਘਰ ਕਾਹਦਾ ਬੰਗਲਾ ਸੀ ਤਾਜ ਮਹੱਲ ਦੀ ਦੂਜੀ ਕਾਪੀ ।

ਘਰ ਦੇ ਬਾਹਰ ਨੇਮ ਪਲੇਟ ਲੱਗੀ ਸੀ "ਬਲਦੇਵ ਸਿੰਘ ਕੰਗ" ਏਕਮ ਨੂੰ ਲੱਗਾ ਸ਼ਾਇਦ ਉਹ ਗ਼ਲਤ ਘਰ ਆ ਗਏ ਪਰ ਇੰਨੇ ਨੂੰ ਸ਼ੀਤਲ ਉਹਨਾਂ ਨੂੰ ਲੈਣ ਆ ਗਈ |

ਐਨੇ ਲੇਟ ਮੈਂ ਕਦ ਦੀ ਉਡੀਕੀ ਜਾਨੀ ਆਂ !
ਆਓ ਸਾਰੇ ਅੰਦਰ ..

ਪਾਪਾ ਇਹ ਮੇਰੇ ਦੋਸਤ ਆ ਸ਼ੀਤਲ ਨੇ ਇੱਕ ਸਰਦਾਰ ਜੀ ਨਾਲ ਮਿਲਾਉਂਦਿਆ ਕਿਹਾ ।

ਪਾਰਟੀ ਘਰ ਦੇ ਪਿਛਲੇ ਪਾਸੇ ਬਣੇ ਲਾਅਨ ਚ ਸੀ,,ਪਾਰਟੀ ਕਾਹਦੀ ਵਿਆਹ ਤੋਂ ਵੀ ਵੱਡਾ ਪ੍ਰੋਗਰਾਮ ਸੀ, ਹਰ ਤਰ੍ਹਾਂ ਦੀ ਮਿਠਾਈ, ਕੋਲਡ ਡਰਿੰਕ, ਮਹਿੰਗੀਆਂ ਸ਼ਰਾਬਾਂ ,ਮੀਟ ਮੱਛੀ।

ਏਕਮ ਨੇ ਦਿਲ ਚ ਕਿਹਾ ਕਿ ਸਾਡੇ ਪਿੰਡਾਂ ਵਾਲੇ ਕਿਸਾਨ ਵਿਚਾਰੇ ਐਵੇਂ ਹੀ ਬਦਨਾਮ ਆ , ਲੋਕ ਕਹਿਣਗੇ ਜੀ ਜੱਟ ਵਿਆਹਾਂ ਤੇ ਜ਼ਿਆਦਾ ਖਰਚ ਕਰਦੇ ਆ ਤਾਂ ਖੁਦਕੁਸ਼ੀਆਂ ਕਰਦੇ ਆ ।
ਆਹ ਖਰਚ ਨੀ ਦਿਸਦਾ ਕਿਸੇ ਨੂੰ ਏਨੇ ਖਰਚ ਚ ਅਸੀਂ ਕੁੜੀ ਵਿਆਹ ਦਿੰਨੇ ਆ,,ਸਾਰਿਆ ਨੂੰ ਸਿਰਫ ਅਸੀਂ ਦਿਸਦੇ ਆ ।

ਸਾਡੇ ਕੋਲ ਖੁਸ਼ੀ ਦਾ ਸਿਰਫ ਇੱਕ ਮੌਕਾ ਹੁੰਦਾ ਵਿਆਹ ਤੇ ਥੋੜਾ ਹੱਸਣਾ ਖੇਡਣਾ ਤੇ ਲੋਕ ਕਹਿੰਦੇ ਆ ਤੁਸੀਂ ਇਹ ਵੀ ਸਾਦੇ ਤੇ ਸਿੰਪਲ ਕਰਦਿਓ। ਸਾਡੀ ਜ਼ਿੰਦਗੀ ਦੀ ਸਿਰਫ਼ ਇੱਕੋ ਇੱਕ entertainment ਵੀ ਲੋਕਾਂ ਤੋਂ ਜ਼ਰੀ ਨੀ ਜਾਂਦੀ ਪੁੱਛਣ ਵਾਲਾ ਹੋਵੇ ਅਸੀਂ ਕਿਹੜਾ ਹਰ ਸਾਲ ਬਰਥਡੇ ਦੀਆਂ ਏਡੀਆਂ ਏਡੀਆਂ ਪਾਰਟੀਆਂ ਕਰਨੀਆਂ ਹੁੰਦੀਆਂ ।

ਉਹ ਪਤਾ ਨਈਂ ਹੋਰ ਕੀ ਕੁੱਝ ਸੋਚਦਾ ਰਹਿੰਦਾ ਜੇ ਸ਼ੀਤਲ ਉਹਨੂੰ ਕੋਕ ਦਾ ਗਲਾਸ ਫੜਾਉਂਦੀ ਓਹਦੀ ਸੋਚ ਦੀ ਲੜੀ ਨੂੰ ਨਾ ਤੋੜਦੀ ।

ਕੀ ਗੱਲ ਪਾਰਟੀ ਚੰਗੀ ਨੀ ਲੱਗੀ ਜਨਾਬ ਨੂੰ ਕੋਈ ਕਮੀ ਪੇਸ਼ੀ ਆ ਤਾਂ ਦੱਸੋ ਦਾਸ ਹਾਜ਼ਰ ਆ ਸ਼ੀਤਲ ਨੇ ਆਪਣੇ ਸੁਭਾਅ ਮੁਤਾਬਕ
ਕਿਹਾ ।

ਨਹੀਂ ਏਦਾਂ ਦੀ ਕੋਈ ਗੱਲ ਨੀ ਓਹ ਤੇ ਸ਼ੀਤਲ ਕਿੰਨਾਂ ਚਿਰ ਏਧਰ ਓਧਰ ਦੀਆਂ ਗੱਲਾਂ ਕਰਦੇ ਰਹੇ ।।

ਤੂੰ ਬਾਕੀ ਦੋਸਤਾਂ ਦੇ ਨਾਲ ਵੀ ਬੈਠ ਨਹੀਂ ਤਾਂ ਉਹ ਗੁੱਸਾ ਕਰਨ ਗੇ ਏਕਮ ਨੇ ਸੁਝਾਅ ਦਿੱਤਾ ।

ਵੇ ਉਹਨਾਂ ਦੇ ਗੁੱਸੇ ਨੂੰ ਜਾਣ ਦੀ ਆ ਮੇਰੀ ਜੁੱਤੀ ਦੇਖੀਂ ਕਿਤੇ ਤੂੰ ਨਾ ਗੁੱਸੇ ਹੋ ਜਾਵੀਂ ਤੂੰ ਖੁਸ਼ ਚਾਹੀਦਾ......... ਬੱਸ।

ਸ਼ੀਤਲ ਆਹ 'ਤੂੰ ਸ਼ੀਤਲ ਅਰੋੜਾ ਅੰਕਲ ਬਲਦੇਵ ਸਿੰਘ ਕੰਗ ਏਹ ਕੀ ਮਾਜਰਾ ? ਏਕਮ ਨੇ ਪੁੱਛਿਆ ।

ਸ਼ੀਤਲ ਜਿਵੇਂ ਇਕਦਮ ਠੰਡੀ ਹੋ ਗਈ ਹੋਵੇ ਤੇ ਹੌਲੀ ਜਹੇ ਬੋਲੀ ਅੱਜ ਨੀ ਫੇਰ ਕਦੇ ਦੱਸਾਂਗੀ ਤੈਨੂੰ ਤੇ ਉਹ ਅੰਦਰ ਚੱਲੀ ਗਈ ।

ਏਕਮ ਤੇ ਬਾਕੀ ਸਾਰੇ ਦੋਸਤ ਵਾਪਸ ਆ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ ।

ਏਕਮ ਰਾਤ ਨੂੰ ਪਿਆ ਸੋਚ ਰਿਹਾ ਸੀ ਕਿ ਆਖ਼ਿਰ ਅਜਿਹੀ ਕਿਹੜੀ ਗੱਲ ਹੋਈ ਹੋਵੇਗੀ ਜੋ ਸ਼ੀਤਲ ਨੇ ਕਿਹਾ ਕਿ ਅੱਜ ਨੀ ਫੇਰ ਕਦੇ ਦੱਸਾਂਗੀ......|

ਛਿੰਦੋ ਸਹੁਰੇ ਘਰ ਲੜ ਕੇ ਕਿੰਨੇ ਕਿੰਨੇ ਦਿਨ ਪੇਕੇ ਬੈਠੀ ਰਹਿੰਦੀ ।ਸਹੁਰੇ ਦਾਜ਼ ਲਈ ਨਿੱਤ ਨਵੀਂ ਨਵੀਂ ਮੰਗ ਕਰਦੇ,,ਜੇ ਓਹ ਸਹੁਰੇ ਜਾਂਦੀ ਵੀ ਤਾਂ ਤੀਜੇ ਚੌਥੇ ਦਿਨ ਰੋਂਦੀ ਹੋਈ ਫੇਰ ਮੁੜ ਆਉਂਦੀ ।

ਓਧਰ ਏਕਮ ਤੇ ਸ਼ੀਤਲ ਦੀਆਂ ਮੁਲਾਕਾਤਾਂ ਦਾ ਦੌਰ ਹੋਰ ਤੇਜ਼ ਹੋ ਗਿਆ ।
ਕਦੇ ਉਹ ਗੱਲਾਂ ਕਰਦੇ ਕਰਦੇ I.T.I ਵਾਲੇ ਨਹਿਰ ਦੇ ਪੁੱਲ ਤੱਕ ਚੱਲੇ ਜਾਂਦੇ ਕਦੇ ਕਾਲਜ ਅੰਦਰ ਬਣੇ ਰੇਲ ਦੇ ਸਟੇਸ਼ਨ ਤੇ ਬੈਠੇ ਰਹਿੰਦੇ ਤੇ ਕਦੇ ਗੋਦੜੀ ਸਾਹਿਬ ਤੇ ਕਦੇ  ਸਰਕਟ ਹਾਊਸ ਤੇ ਅੰਬਾਂ ਥੱਲੇ ਬੈਠੇ ਰਹਿੰਦੇ ।

ਪਰ ਕੰਗ ਤੇ ਅਰੋੜਾ ਵਾਲੀ ਉਲਝਣ ਦਾ ਹੱਲ ਸ਼ੀਤਲ ਨੇ ਨਾ ਕੱਢਿਆ, ਏਕਮ ਜਦੋਂ ਵੀ ਪੁੱਛਦਾ ਉਹ ਕਹਿ ਦਿੰਦੀ ਪਲੀਜ਼ ਏਕਮ ਅੱਜ ਨੀ ਫੇਰ ਕਦੇ ਦੱਸਾਂਗੀ ਪਲੀਜ਼ ਹੁਣ ਜ਼ਿਆਦਾ ਫੋਰਸ ਨਾ ਕਰੀਂ।ਤੇ ਏਕਮ ਚੁੱਪ ਕਰ ਜਾਂਦਾ।

ਇੱਕ ਦਿਨ ਏਕਮ ਜਦ ਘਰ ਗਿਆ ਓਹਦੇ ਘਰ ਅੱਗੇ ਕਾਫ਼ੀ ਇੱਕਠ ਸੀ ਜਦ ਓਹ ਗੇਟ ਤੋਂ ਅੰਦਰ ਹੋਇਆ ਤਾਂ ਚੀਕ ਚਿਹਾੜਾ ਪਿਆ ਹੋਇਆ ਸੀ ।

ਮੰਜੇ ਤੇ ਛਿੰਦੋ ਦੀ ਲਾਸ਼ ਪਈ ਸੀ ਓਹਦੇ ਉੱਪਰ ਚਾਦਰ ਦਿੱਤੀ ਹੋਈ ਸੀ ਏਕਮ ਦੇ ਪੈਰਾਂ ਥੱਲੋਂ ਜ਼ਮੀਨ ਖਿਸਕ ਗਈ ਉਹ ਜਾ ਕੇ ਮੰਜੇ ਦੀ ਬਾਹੀ ਕੋਲ ਬੈਠ ਗਿਆ ਓਹਦੀ ਮਾਂ ਤੇ ਨਿੱਕੋ ਨੇ ਐਸੇ ਵੈਣ ਪਾਏ ਕੇ ਧਰਤੀ ਦਾ ਵੀ ਕਲੇਜਾ ਪਾਟ ਗਿਆ ।

ਵੇ ਲੋਕੋ ਵੇ ਲੋਕੀ ਤਾਂ ਹੀ ਧੀਆਂ ਜੰਮਣ ਤੋਂ ਡਰਦੇ ਆ ਵੇ ਮਤਾ ਦਾਜ ਦੇ ਲੋਭੀ ਜਵਾਨ ਹੋਈ ਨੂੰ ਮਾਰਨ ਏਦੂ ਚੰਗਾ ਜੰਮਣ ਤੋਂ ਪਹਿਲਾਂ ਹੀ ਮਾਰ ਦਿਓ ...ਏਕਮ ਦੀ ਮਾਂ ਨੇ ਦੋਵੇਂ ਹੱਥ ਆਪਣੇ ਢਿਡ ਚ ਮਾਰੇ ਕੁਝ ਬੁੜੀਆਂ ਨੇ ਓਹਦੇ ਹੱਥ ਫੜ ਲਏ ,ਆਪਾਂ ਪੱਟੇ ਗਏ ਏਕਮਾਂ,ਵੇ ਆਹ ਚੰਦਰੀ ਕੀ ਕਰਗੀ ।

ਛਿੰਦੋ ਦੀ ਚੁੰਨੀ ਹਲੇ ਵੀ ਵੇਹੜੇ ਵਿਚਲੀ ਟਾਹਲੀ ਨਾਲ ਲਮਕ ਰਹੀ ਸੀ, ਜਿਸ ਟਾਹਲੀ ਤੋਂ ਤੋੜ ਕੇ ਏਕਮ ਰੋਜ਼ ਦਾਤਣ ਕਰਦਾ ਸੀ ਅੱਜ ਉਸੇ ਨਾਲ ਛਿੰਦੋ ਨੇ ਫਾਹਾ ਲੈ ਲਿਆ ਸੀ ।

ਐਨੇ ਚਿਰ ਨੂੰ ਪੁਲਿਸ ਆ ਗਈ ਉਹ ਲਾਸ਼ ਨੂੰ ਪੋਸਮਾਰਟਮ ਲਈ ਲੈ ਗਏ ਬੇਬੇ ਪਾਗਲਾਂ ਵਾਂਗ ਅੰਬੂਲੈਂਸ ਮਗਰ ਭੱਜ ਤੁਰੀ ਵੇ ਕਿੱਥੇ ਲੈ ਚੱਲੇ ਮੇਰੀ ਧੀ ਨੂੰ ,ਅੱਜ ਓਹਨੇ ਸਹੁਰੇ ਜਾਣਾ ਵੇ ......ਓਹਨੇ ਹੂਕ ਮਾਰੀ ਤੇ ਰਾਹ ਚ ਡਿੱਗ ਪਈ ।

ਡਾਕਟਰ ਸੱਦ ਕੇ ਓਹਦੇ ਟੀਕੇ ਵਗੈਰਾ ਲਵਾਏ ਤਾਂ ਜਾ ਕੇ ਓਹ ਥੋੜੀ ਸੁਰਤ ਚ ਹੋਈ ।

ਨ੍ਹੇਰੇ ਹੋਏ ਛਿੰਦੋ ਦੀ ਲਾਸ਼ ਵਾਪਸ ਆਈ ਤਾਰਿਆਂ ਦੀ ਛਾਂ ਹੇਠ ਉਸਨੂੰ ਦਾਗ ਲਾ ਦਿੱਤਾ ਗਿਆ ।

8 ਮਹੀਨੇ ਪਹਿਲਾਂ ਜਿਹੜੀ ਚਾਵਾਂ ਨਾਲ ਘਰੋਂ ਤੋਰੀ ਸੀ ,ਅੱਜ ਦੁਨੀਆਂ ਤੋਂ ਤੁਰ ਗਈ ਸੀ ।

*****

ਹੁਣ ਏਕਮ ਜ਼ਿਆਦਾ ਚੁੱਪ ਚੁੱਪ ਰਹਿੰਦਾ ਕਿਸੇ ਨਾਲ ਜ਼ਿਆਦਾ ਨਾ ਬੋਲਦਾ ,ਸ਼ੀਤਲ ਨਾਲ ਵੀ ਜ਼ਿਆਦਾ ਗੱਲ ਨਾ ਕਰਦਾ ।

ਸ਼ੀਤਲ ਜੋ ਵੀ ਘਰੋਂ ਲੈ ਕੇ ਆਉਂਦੀ ਧੱਕੇ ਨਾਲ ਉਹਨੂੰ ਖਵਾ ਦਿੰਦੀ,, ਓਹਨੂੰ ਪਤਾ ਸੀ ਉਂਝ ਇਹਨੇ ਪੂਰਾ ਦਿਨ ਕੁਝ ਨੀ ਖਾਣਾ ।

ਇੱਕ ਦਿਨ ਸ਼ੀਤਲ ਓਹਨੂੰ ਘਰੋਂ ਲਿਆਂਦਾ ਲੱਡੂ ਖਵਾ ਰਹੀ ਸੀ ਕਿ ਏਕਮ ਉਸ ਤੇ ਗੁੱਸੇ ਹੋ ਗਿਆ ।

ਤੈਨੂੰ ਪਤਾ ਨਾ ਕੇ ਮੇਰੀ ਭੈਣ ਮਰੀ ਆ ਤੇ ਤੂੰ ਮੈਨੂੰ ਲੱਡੂ ਖਵਾ ਰਹੀਂ ਏਂ ।

ਸੌਰੀ ਏਕਮ ਮੇਰਾ ਇਰਾਦਾ ਤੈਨੂੰ ਦੁੱਖ ਪਹੁਚਾਉਣ ਦਾ ਨਹੀਂ ਸੀ ਤੈਨੂੰ ਪਤਾ ਈ ਆ ਮੇਰੇ ਟਿਫਨ ਚ ਜੋ ਵੀ ਹੁੰਦਾ ਮੈਂ ਤੈਨੂੰ ਖਵਾ ਦਿੰਨੀ ਆ ਅੱਜ ਇਹ ਲੱਡੂ ਸੀ.....ਸ਼ੀਤਲ ਨੇ ਹੱਥ ਜੋੜੇ ਮੈਨੂੰ ਮਾਫ ਕਰਦੇ ਮੈਨੂੰ ਗਲਤ ਨਾ ਸਮਝ।

ਰਹਿਣ ਦੇ ਸ਼ੀਤਲ ਜਿੰਨ੍ਹਾਂ ਦੇ ਮਰਦੇ ਆ ਦੁੱਖ ਉਹਨਾਂ ਨੂੰ ਹੀ ਹੁੰਦਾ ਤੂੰ ਕੀ ਜਾਣੇ ਕਿਸੇ ਆਪਣੇ ਨੂੰ ਖੋਹਣ ਦਾ ਦੁੱਖ ਏਕਮ ਦੇ ਮੂੰਹੋ ਇਹ ਬੋਲ ਸੁਣ ਕੇ ਸ਼ੀਤਲ ਜਾਣੋ ਪੱਥਰ ਹੋ ਗਈ ਹੋਵੇ ਓਹਦੇ ਨੈਣਾਂ ਚੋਂ ਤ੍ਰਪਕ ਤ੍ਰਪਕ ਹੰਝੂਆਂ ਨੇ ਵਹਿਣਾ ਸ਼ੁਰੂ ਕਰ ਦਿੱਤਾ |

ਉਹ ਪਿੱਛੇ ਹਟਦੀ ਹੋਈ ਥਮਲੇ ਨਾਲ ਜਾ ਲੱਗੀ,,ਓਹਦੇ ਨੈਣਾਂ ਚੋਂ ਲਗਾਤਾਰ ਹੰਝੂ ਵਗ ਰਹੇ ਸਨ ਜਿਵੇਂ ਕਿਸੇ ਨੇ ਚਿਰਾਂ ਤੇ ਰੋਕੇ ਪਾਣੀ ਦੇ ਬੰਨ੍ਹ ਖੋਲ ਦਿੱਤੇ ਹੋਣ ,ਛਾਤੀ ਤੱਕ ਓਹਦਾ ਕਮੀਜ਼ ਹੰਝੂਆਂ ਨਾਲ ਭਿੱਜ ਗਿਆ..।

ਏਕਮ ਉਸ ਕੋਲ ਆਇਆ ਓਹਨੂੰ ਫੜ ਕੇ ਬੈਂਚ ਤੇ ਬਿਠਾ ਦਿੱਤਾ ਬੱਸ ਕਰ ਸ਼ੀਤਲ ਸੋਰੀ ਯਾਰ ਮੈਂ ਗੁੱਸੇ ਚ ਬੋਲ ਗਿਆ ।

ਸ਼ੀਤਲ ਰੋਂਦੀ ਹੋਈ ਗੁੱਸੇ ਚ ਬੋਲੀ ,ਵੇ ਤੈਨੂੰ ਕੀ ਲੱਗਦਾ ਤੂੰ ਕੱਲਾ ਦੁਖੀ ਆਂ "ਏਥੇ ਨਾਨਕ ਦੁਖੀਆ ਸਭ ਸੰਸਾਰ ਆ"
ਕੀ ਕਿਹਾ ਸੀ ਤੂੰ ਕੇ ਮੈਨੂੰ ਕੀ ਪਤਾ ਆਪਣੇ ਖੋਹਣ ਦਾ ਦੁੱਖ ਲੈ ਸੁਣ ਫ਼ੇਰ!!!

ਮੇਰਾ ਜਨਮ ਦਿੱਲੀ ਹੋਇਆ ,, ਮੇਰੇ ਪਿਤਾ ਜੀ ਸਰਦਾਰ ਪ੍ਰਤਾਪ ਸਿੰਘ ਅਰੋੜਾ ਦਿੱਲੀ ਦੇ ਸਿਰਕੱਢਵੇਆਂ ਬੰਦਿਆਂ ਵਿਚੋਂ ਸਨ ।

ਚਾਂਦਨੀ ਚੌਂਕ ਤੇ ਕਨਾਟ ਪਲੇਸ ਚ ਉਹਨਾਂ ਦੀਆਂ ਖੁਦ ਦੀਆਂ ਦੁਕਾਨਾਂ ਸਨ,, ਓਦੋਂ ਮੈਂ ਤਕਰੀਬਨ 6 ਸਾਲ ਦੀ ਸੀ ,ਜਦੋਂ ਦੰਗੇ ਹੋਏ,,,,ਮੈਨੂੰ ਅੱਜ ਵੀ ਯਾਦ ਆ ਮੇਰੇ ਪਿਤਾ ਜੀ ਗੇਟ ਦੇ ਬਾਹਰ ਬੈਠੇ ਅਖਬਾਰ ਪੜ੍ਹ ਰਹੇ ਸਨ ਕਿ ਭੀੜ ਨੇ ਉਹਨਾਂ ਦੇ ਗਲ ਚ ਟਾਇਰ ਪਾ ਕੇ ਅੱਗ ਲਾ ਦਿੱਤੀ ।

ਉਹਨਾਂ ਦੀ ਅੱਧ ਸੜੀ ਲਾਸ਼ ਵੇਹੜੇ ਚ ਆ ਡਿੱਗੀ ਅਸੀਂ ਸਹਿਮੇ ਹੋਏ ਅੰਦਰ ਲੁਕੇ ਸਭ ਦੇਖ ਰਹੇ ਸਾਂ ਅਸੀਂ ਤਾਂ ਲਾਸ਼ ਤੇ ਖੁੱਲ ਕੇ ਰੋ ਵੀ ਨਾ ਸਕੇ ।

ਥੋੜਾ ਹਨੇਰਾ ਹੋਣ ਤੇ ਅਸੀਂ ਬਾਹਰ ਨਿਕਲੇ ਮੇਰੇ ਡੈਡੀ ਦੀ ਲਾਸ਼ ਕੋਲ ਅੱਧ ਸੜੀ ਅਖਬਾਰ ਪਈ ਸੀ ਜੋ ਉਹ ਪੜ੍ਹ ਰਹੇ ਸਨ ਮੇਰੀ ਦਾਦੀ ਨੀ ਮਰਨ ਤੱਕ 1 ਨਵੰਬਰ ਦੀ ਉਹ ਅੱਧ ਸੜੀ ਅਖਬਾਰ ਸੰਭਾਲ ਕੇ ਰੱਖੀ ।

ਹਨ੍ਹੇਰੇ ਹੋਏ ਭੀੜ ਨੇ ਫੇਰ ਹਮਲਾ ਕਰ ਦਿੱਤਾ ਮੇਰੀ ਦਾਦੀ ਮੈਨੂੰ ਲੈ ਕੇ ਕੰਧ ਟੱਪ ਕੇ ਗੁਆਂਢੀਆਂ ਘਰੇ ਲੁੱਕ ਗਈ ਮੇਰੀ ਮਾਂ ਕੰਧ ਟੱਪਣ ਲੱਗੀ ਉਹਨਾਂ ਦੇ ਹੱਥ ਆ ਗਈ ਫੇਰ ਮਾਂ ਨਾਲ ਕੀ ਹੋਇਆ ਉਹ ਮਰ ਗਈ ਜਾ ਜਿਆਉਂਦੀ ਏ ਅੱਜ ਤੱਕ ਨੀ ਪਤਾ ਲੱਗ ਸਕਿਆ ।

ਫ਼ੇਰ ਮੇਰੀ ਦਾਦੀ ਮੈਨੂੰ ਲੈ ਕੇ ਆਪਣੀ ਭੈਣ ਦੀ ਕੁੜੀ ਕੋਲ ਪੰਜਾਬ ਆ ਗਈ। ਬਾਅਦ ਵਿੱਚ ਅਸੀਂ ਦਿੱਲੀ ਵਾਲੀਆਂ ਸਾਰੀਆਂ ਦੁਕਾਨਾਂ ਵੇਚ ਦਿੱਤੀਆਂ ਜਦ ਮੈਂ 9 ਕੁ ਸਾਲ ਦੀ ਹੋਈ ਤਾਂ ਦਾਦੀ ਵੀ ਏਸ ਦੁਨੀਆਂ ਤੋਂ ਚਲੀ ਗਈ ਮੇਰੀ ਭੂਆ ਪ੍ਰਨੀਤ ਕੌਰ ਕੰਗ ਤੇ ਉਹਨਾਂ ਦੇ ਪਤੀ ਬਲਦੇਵ ਸਿੰਘ ਕੰਗ ਨੇ ਮੈਨੂੰ ਆਪਣੀ ਧੀ ਬਣਾ ਕੇ ਪਾਲਿਆ ਕਦੇ ਮਾਂ ਪਿਓ ਦੀ ਕਮੀ ਮਹਿਸੂਸ ਨੀ ਹੋਣ ਦਿੱਤੀ |

ਪਰ ਦੁੱਖ ਇਹ ਆ  ਕੇ ਮੇਰੀ ਮਾਂ ਦਾ ਬਾਅਦ ਚ ਕੁਝ ਪਤਾ ਨੀ ਲੱਗਿਆ ਅਸੀਂ ਬਾਅਦ ਚ ਭਾਲ ਬਹੁਤ ਕੀਤੀ ......ਤੇ ਤੂੰ ਕਹਿਨਾ ਕੇ ਕੱਲ੍ਹਾ ਤੂੰ ਹੀ ਦੁਖੀ ਆਂ ।

ਏਕਮ ਪੱਥਰ ਬਣਿਆ ਬੈਠਾ ਓਹਦੀ ਕਹਾਣੀ ਸੁਣ ਰਿਹਾ ਪਰ ਇਹ ਕੋਈ ਕਹਾਣੀ ਨਹੀਂ ਸੀ ਇਹ ਤਾਂ ਸ਼ੀਤਲ ਦੀ ਹੱਡਬੀਤੀ ਸੀ ...|

ਏਕਮ ਦੀ ਜ਼ਿੰਦਗੀ ਚ ਸਭ ਕੁੱਝ ਫੇਰ ਤੋਂ ਪਹਿਲਾਂ ਵਾਂਗ ਸਾਧਾਰਨ ਹੋ ਗਿਆ ਸੀ,,ਕਿਓਂਕੇ ਵਕ਼ਤ ਹਰ ਇੱਕ ਜ਼ਖਮ ਨੂੰ ਭਰ ਦਿੰਦਾ ਹੈ ।

ਓਧਰ ਮੌਸਮ ਵੀ ਹੁਣ ਥੋੜ੍ਹਾ ਠੰਡਾ ਹੋਣਾ ਸ਼ੁਰੂ ਹੋ ਗਿਆ ਸੀ,,ਕੱਤੇ ਦੀ ਰੁੱਤ ਹੁਣ ਬਾਹਰ ਜਾਂ ਕੋਠੇ ਤੇ ਪੈਣ ਦੀ ਨਹੀਂ ਸੀ ਰਹੀ।

ਉਹ ਸਵਾਤ ਚ ਵਾਣ ਦੇ ਮੰਜੇ ਤੇ ਪਿਆ ਸੋਚ ਰਿਹਾ ਸੀ ,ਕਿ ਕੱਲ੍ਹ ਉਹ ਸ਼ੀਤਲ ਨੂੰ ਆਪਣੇ ਪਿਆਰ ਦਾ ਇਜ਼ਹਾਰ ਕਰੇਗਾ ,ਉਸਨੂੰ ਪੂਰਾ ਯਕੀਨ ਸੀ ਕਿ ਸ਼ੀਤਲ ਉਸਨੂੰ ਕਦੇ ਨਾਂਹ ਨਹੀਂ ਕਰੇਗੀ ।

ਕਿਉਂਕੇ ਕੱਲੀ ਸ਼ੀਤਲ ਹੀ ਨਹੀਂ ਸਗੋਂ ਓਹਦੇ ਮਾਂ ਪਿਓ ਮਤਲਬ ਸ਼ੀਤਲ ਦੇ ਭੂਆ ਤੇ ਫੁਫੜ ਵੀ ਏਕਮ ਨੂੰ ਬਹੁਤ ਪਿਆਰ ਕਰਦੇ ਸਨ ਉਹ ਕਈ ਵਾਰ ਸ਼ੀਤਲ ਦੇ ਘਰ ਜਾ ਚੁੱਕਾ ਸੀ ।

ਉਹ ਖੁਸ਼ ਸੀ ਕਿ ਕੱਲ੍ਹ ਸ਼ੀਤਲ ਨੂੰ ਪਰਪੋਜ਼ ਕਰੇਗਾ,, ਅੱਜ ਏਕਮ ਦੀ ਤਕਦੀਰ ਓਹਦੇ ਬੂਹੇ ਅੱਗੇ ਖੜੀ ਸੀ ,ਜ਼ਰੂਰਤ ਸੀ ਤਾਂ ਬੱਸ ਥੋੜੀ ਜਹੀ ਤਦਬੀਰ (ਕੋਸ਼ਿਸ਼)ਕਰਨ ਦੀ  ।

ਉਹ ਇਹ ਸੋਚ ਹੀ ਰਿਹਾ ਸੀ ਕਿ ਅਚਾਨਕ ਓਹਦੀ ਨਜ਼ਰ ਆਪਣੀ ਕਾਨਿਆ ਦੀ ਛੱਤ ਤੇ ਗਈ । ਉਸਨੇ ਦੇਖਿਆ ਉਸਤੇ ਲੱਗੇ ਮੱਕੜੀ ਦੇ ਜਾਲੇ ਵਿੱਚ ਇੱਕ ਤਿੱਤਲੀ ਫਸੀ ਹੋਈ ਸੀ ਜੋ ਆਪਣੇ ਆਪ ਨੂੰ ਛਡਾਉਣ ਲਈ ਖੰਭ ਮਾਰਨ ਦੀ ਕੋਸ਼ਿਸ਼ ਕਰ ਰਹੀ ਸੀ,,ਪਰ ਬੁਰੀ ਤਰ੍ਹਾਂ ਫਸੀ ਹੋਣ ਕਰਕੇ ਓਹਦੀ ਹਰ

ਕੋਸ਼ਿਸ਼ ਨਾਕਾਮਯਬ ਹੋ ਰਹੀ ਸੀ ।

ਏਕਮ ਦੇ ਦੇਖਦੇ ਦੇਖਦੇ ਮੱਕੜੀ ਉਸ ਤਿੱਤਲੀ ਨੂੰ ਨਿਗਲ ਗਈ ।

ਇਹ ਦੇਖ ਕੇ ਏਕਮ ਇੱਕਦਮ ਤ੍ਰਭਕ ਗਿਆ,,ਓਹਨੂੰ ਏਸ ਠੰਡੀ ਰੁੱਤ ਵਿੱਚ ਵੀ ਤ੍ਰੇਲੀ ਆ ਗਈ ।

ਉਸਨੂੰ ਲੱਗਾ ਇਹ ਤਿੱਤਲੀ ਜਿਵੇਂ ਸ਼ੀਤਲ ਹੋਵੇ ਤੇ ਉਹਦੇ ਘਰ ਦੀ ਗੁਰਬਤ ਤੇ ਜਿੰਮੇਵਾਰੀਆਂ ਇਹ ਜਾਲ ਹੋਣ ਜਿਸ ਵਿੱਚ ਫਸ ਕੇ ਸ਼ੀਤਲ 'ਏਸ ਤਿੱਤਲੀ ਵਾਂਗ ਇੱਕ ਦਿਨ ਆਪਣੀ ਜਾਨ ਗੁਆ ਲਵੇ ਗਈ।

ਉਸਦੀਆਂ ਅੱਖਾਂ ਅੱਗੇ ਕਦੇ ਸ਼ੀਤਲ ਦਾ ਤਾਜਮਹਲ ਵਰਗਾ ਬੰਗਲਾ ਆਇਆ ਕਦੇ ਆਪਣੀ ਕਾਨਿਆ ਦੀ ਛੱਤ ਵਾਲੀ ਸਵਾਤ ਜੋ ਮੀਂਹ ਕਣੀ ਵਿੱਚ ਚੋਣ ਲੱਗ ਜਾਂਦੀ ਸੀ ,ਕਦੇ ਸ਼ੀਤਲ ਦੇ ਵੇਹੜੇ ਚ ਖੜੀਆਂ ਕਾਰਾਂ ਆਈਆਂ ਕਦੇ ਆਪਣੇ ਵੇਹੜੇ ਚ ਖੜਾ ਬਿਨਾਂ ਸਟੈਂਡ ਵਾਲਾ ਸਾਈਕਲ ਜੋ ਹਮੇਸ਼ਾ ਕੰਧ ਨਾਲ ਖੜਾ ਕਰਨਾ ਪੈਂਦਾ ਸੀ ।

ਉਸਨੇ ਪਿਆਰ ਦੇ ਮਹੱਲ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਇਸ ਨੂੰ ਢਾਹ ਦਿੱਤਾ ।

ਪਰ ਤਕਦੀਰ ਹਲੇ ਵੀ ਉਸਦੇ ਸਿਰਹਾਣੇ ਖੜੀ ਸੀ ਕਿ ਕੀ ਪਤਾ ਕੱਲ੍ਹ ਏਕਮ ਥੋੜ੍ਹੀ ਜਹੀ ਤਦਬੀਰ (ਕੋਸ਼ਿਸ਼) ਕਰ ਲਵੇ ਤੇ ਸ਼ੀਤਲ ਏਹਦੀ ਹੋ ਜਾਵੇ । ਓਹ ਸ਼ੀਤਲ ਨੂੰ ਦਿਲ ਦੀ ਗੱਲ ਨਾ ਦੱਸ ਸਕਿਆ ,ਸ਼ੀਤਲ ਸਿਰਫ਼ ਓਹਦੇ ਇੱਕ ਪਰਪੋਜ਼ ਦੀ ਉਡੀਕ ਵਿੱਚ ਸੀ ।

ਓਹਦੀ ਜ਼ਿੰਦਗੀ ਓਹਦੇ ਤੋਂ ਸਿਰਫ਼ ਕੁੱਝ ਕਦਮਾਂ ਦੀ ਦੂਰੀ ਤੇ ਖੜੀ ਸੀ ਪਰ ਉਸਤੋਂ ਕਦੇ ਇਹ ਮਾਮੂਲੀ ਦੂਰੀ ਪਾਰ ਨਾ ਹੋਈ।

ਫ਼ੇਰ ਅਚਾਨਕ ਓਹਨੇ ਇੱਕ ਦਿਨ ਕਾਲਜ਼ ਛੱਡਣ ਦਾ ਫੈਸਲਾ ਕਰ ਲਿਆ ਕਿਉਂਕੇ ਉਹ ਆਪਣੇ ਆਪ ਨੂੰ ਇਹਨਾਂ ਕੁ ਕਾਮਯਾਬ ਕਰਨਾ ਚਾਹੁੰਦਾ ਸੀ ਕਿ ਸ਼ੀਤਲ ਦੀ ਹਰ ਰੀਝ ਪੂਰੀ ਕਰ ਸਕੇ ।

ਉਸਨੇ ਆਪਣੀ ਵੱਡੀ ਭੈਣ ਦੀਪੀ ਨਾਲ ਗੱਲ ਕੀਤੀ ਕਿਓਂਕੇ ਓਹਦਾ ਦਿਓਰ ਇਟਲੀ ਗਿਆ ਹੋਇਆ ਸੀ ।

ਏਕਮ ਨੇ ਇਟਲੀ ਜਾਣ ਦਾ ਮਨ ਬਣਾ ਲਿਆ,,ਪਾਸਪੋਰਟ ਵਗੈਰਾ ਉਹ ਆਪਣੀ ਭੈਣ ਦੀਪੀ ਨੂੰ ਨਾਲ ਲੈ ਕੇ ਉਹਦੇ ਦਿਓਰ ਦੇ ਦੱਸੇ ਏਜੰਟ ਨੂੰ ਦੇ ਆਇਆ।

10 ਕੁ ਦਿਨ ਬਾਅਦ ਓਹਨੂੰ ਏਜੰਟ ਦਾ ਫੋਨ ਆਇਆ ਕੇ ਵੀਜ਼ਾ ਲੱਗ ਗਿਆ 5 ਦਿਨ ਬਾਅਦ ਦੀ ਟਿਕਟ ਆ ।

****

ਵੀਜ਼ੇ ਤੋਂ ਅਗਲੇ ਦਿਨ ਉਹ ਆਪਣਾ ਨਾਂ ਕਟਵਾਉਣ ਕਾਲਜ਼ ਚਲਾ ਗਿਆ ,ਨਾਂ ਕਟਵਾਉਣ ਦਾ ਤਾਂ ਬਹਾਨਾ ਹੀ ਸੀ ਦਰਅਸਲ ਉਹ ਆਖ਼ਰੀ ਵਾਰ ਸ਼ੀਤਲ ਨੂੰ ਮਿਲ ਕੇ ਜਾਣਾ ਚਾਹੁੰਦਾ ਸੀ ,ਓਹਨੂੰ ਕਹਿ ਕੇ ਜਾਣਾ ਚਾਹੁੰਦਾ ਸੀ ਕਿ ਸ਼ੀਤਲ ਮੇਰੀ ਉਡੀਕ ਕਰੀਂ , ਮੈਂ ਵਾਪਸ ਆ ਕੇ ਤੇਰੇ ਹੱਥਾਂ ਤੇ ਆਪਣੇ ਨਾਂ ਦੀ ਮਹਿੰਦੀ ਲਾਵਾਂਗਾ।

ਪਰ ਸ਼ੀਤਲ ਤਾਂ ਅੱਜ ਕਾਲਜ਼ ਆਈ ਹੀ ਨਹੀਂ ਸੀ |

ਏਕਮ ਨੂੰ ਕਾਲਜ਼ ਤੋਂ ਆਪਣੇ ਸਰਟੀਫਿਕੇਟ ਵਗੈਰਾ ਲੈਂਦੇ ਨੂੰ ਦੁਪਹਿਰ ਢਲ ਗਈ ।

ਫੇਰ ਉਹ ਸ਼ੀਤਲ ਦੇ ਘਰ ਵੱਲ ਤੁਰ ਪਿਆ ਸ਼ਾਮ ਹੋ ਚੁੱਕੀ ਸੀ,, ਬਾਕੀ ਸਿਆਲਾਂ ਵਿੱਚ ਹਨ੍ਹੇਰਾ ਵੀ ਜਲਦੀ ਹੀ ਹੋ ਜਾਂਦਾ ।

ਪਰ ਜਿਸ ਨੇ ਉਸਨੂੰ ਐਨਾ ਸਹਾਰਾ ਦਿੱਤਾ ਸੀ ਉਸਨੂੰ ਬਿਨਾਂ ਮਿਲੇ ਉਹ ਕਿਵੇਂ ਜਾ ਸਕਦਾ ਸੀ ।

ਉਹ ਹਲੇ ਬੱਸ ਅੱਡੇ ਤੋਂ ਉਰਾਂ ਹਲੇ ਕੋਟ ਵਾਲੇ ਮੋੜ ਤੇ ਪਹੁੰਚਿਆ ਹੀ ਸੀ ਕਿ ਉਹਨਾਂ ਦੇ ਪਿੰਡ ਦੇ ਕੰਡਕਟਰ ਨੇ ਬੱਸ ਰੋਕ ਕੇ ਵਾਜ ਮਾਰੀ.. ਏਕਮ ਚੱਲਣਾ ?

ਇਸ ਤੋਂ ਪਹਿਲਾਂ ਕੇ ਏਕਮ ਨਾ ਕਰਦਾ, ਕੰਡਕਟਰ ਫ਼ੇਰ ਬੋਲਿਆ ਆਜਾ ਆਜਾ ਆਖਰੀ ਗੇੜਾ ਇਹ,,, ਏਦੂ ਬਾਅਦ ਬੱਸ ਨੀਂ ਜਾਣੀ,,
ਕਿਉਂਕਿ ਉਹ ਐਸਾ ਕਾਲਾ ਦੌਰ ਸੀ ਪੰਜਾਬ ਚ ਕੇ ਬੱਸਾਂ ਟਾਈਮ ਸਿਰ ਹੀ ਰੋਕ ਦਿੱਤੀਆਂ ਜਾਂਦੀਆਂ ਸਨ

ਏਕਮ ਚੁੱਪ ਕਰਕੇ ਬੱਸ ਚ ਬੈਠ ਗਿਆ ਬੱਸ ਸਰਕੂਲਰ ਰੋਡ ਮੋੜ ਕੇ ਰੁੱਕ ਗਈ ।

ਸਾਦਿਕ ਫਿਰੋਜ਼ਪੁਰ ਤੇ ਪਿੰਡਾਂ ਨੂੰ ਜਾਣ ਵਾਲੀਆਂ ਸਾਰੀਆਂ ਬੱਸਾਂ ਤਕਰੀਬਨ ਓਥੇ 4-5 ਮਿੰਟ ਰੁਕਦੀਆਂ ਹਨ।

ਏਕਮ ਨੇ ਸ਼ੀਸ਼ੇ ਵਿੱਚ ਦੀ ਬਾਹਰ ਦੇਖਿਆ ਤਾਂ ਸ਼ੀਤਲ ਦੀ ਸਹੇਲੀ ਪਾਲੀ ਖੜੀ ਸੀ ਏਕਮ ਨੇ ਜਲਦੀ ਨਾਲ ਪੈੱਨ ਕੱਢਿਆ ਕਾਗਜ਼ ਤੇ ਕਾਹਲੀ ਨਾਲ ਕੁੱਝ ਲਿਖ ਦਿੱਤਾ ,ਲਿਖਣਾ ਤਾਂ ਓਹਨੇ ਬਹੁਤ ਕੁੱਝ ਸੀ ਪਰ ਬੱਸ ਤੁਰਨ ਵਾਲੀ ਸੀ ਕੰਡਕਟਰ ਸੀਟੀ ਮਾਰ ਚੁੱਕਾ ਸੀ ।

ਉਹ ਜਲਦੀ ਨਾਲ ਉੱਤਰਿਆ ਤੇ ਕਾਗਜ਼ ਪਾਲੀ ਨੂੰ ਫੜਾ ਕੇ ਕਹਿੰਦਾ  ਇਹ ਸ਼ੀਤਲ ਨੂੰ ਦੇ ਦੇਵੀਂ  ।

ਆਪ ਫਿਰ ਤੁਰਦੀ ਬੱਸ ਤੇ ਚੜ ਗਿਆ ਓਹਨੇ ਇਹ ਵੀ ਨਹੀਂ ਸੀ ਦੇਖਿਆ ਕਿ ਪਾਲੀ ਦੇ ਆਸਪਾਸ ਕੌਣ ਖੜਾ ਸੀ ।

ਉਹਨੂੰ ਰਾਜੇ ਮੋਕਲਸੀ ਦਾ 13 ਵੀਂ ਸਦੀ ਚ ਵਸਾਇਆ ਸ਼ਹਿਰ ਫ਼ਰੀਦਕੋਟ ਜਿਸਦਾ ਪੁਰਾਣਾ ਨਾਮ 'ਮੋਕਲਹਰ' ਸੀ,,ਬਾਅਦ ਵਿੱਚ ਬਾਬੇ ਫ਼ਰੀਦ ਜੀ ਦੇ ਨਾਮ ਤੇ ਫ਼ਰੀਦਕੋਟ ਪੈ ਗਿਆ ਸੀ,,ਅੱਜ ਇਹ ਰਿਆਸਤੀ ਸ਼ਹਿਰ ਸੁੰਨਸਾਨ ਲੱਗ ਰਿਹਾ ਸੀ ।
ਕਿਸੇ ਰੋਹੀ ਬੀਆਬਾਨ ਦੀਆਂ ਸਮਾਧਾਂ ਦੀ ਚੁੱਪ ਤੇ ਉੱਜੜੇ ਹੋਏ ਕਿਸੇ ਗਰਾਂ ਵਾਂਗ ਸੁੰਨਸਾਨ,,,,ਜਿਵੇਂ 47 ਦੀ ਵੰਢ ਤੋਂ ਬਾਅਦ ਪੰਜਾਬ ਦੇ ਪਿੰਡ ਸੁੰਨਸਾਨ ਹੋ ਗਏ ਸਨ। ਉਦਾਸੀ ਜਹੀ ਚ ਡੁੱਬਿਆ ਉਹ ਘਰ ਪਹੁੰਚ ਗਿਆ ।

ਦੋ -ਤਿੰਨ ਦਿਨ ਓਹਨੂੰ ਘਰ ਦੇ ਕੰਮਾਂ ਚ ਤੇ ਰਿਸ਼ਤੇਦਾਰਾਂ ਨੂੰ ਮਿਲਦਿਆਂ ਲੱਗ ਗਏ ।

ਆਖ਼ਿਰ ਓਹਦੀ ਟਿਕਟ ਦੀ ਤਾਰੀਖ਼ ਆ ਗਈ।

ਘਰਦੇ ਉਹਨੂੰ ਕੋਟਕਪੂਰੇ ਤੋਂ ਰਾਤ ਨੂੰ ਪੰਜਾਬ ਮੇਲ ਗੱਡੀ ਤੇ ਚੜ੍ਹਾ ਗਏ ।

ਉਹ ਦਿੱਲੀ ਪੁਹੰਚ ਕੇ ਸਿੱਧਾ ਏਜੰਟ ਦੇ ਦਫ਼ਤਰ ਪਹੁੰਚ ਗਿਆ,,ਉੱਥੇ 2 ਮੁੰਡੇ ਹੋਰ ਵੀ ਬੈਠੇ ਸਨ ,ਉਹਨਾਂ ਸਾਰਿਆਂ ਦੀ ਫਲਾਈਟ ਅੱਜ ਰਾਤ ਦੀ ਸੀ ਪਾਸਪੋਰਟ ਤੇ ਟਿਕਟ ਓਹਨਾਂ ਨੂੰ ਏਅਰਪੋਰਟ ਤੇ ਮਿਲਣੇ ਸਨ ।

ਉਹ ਸ਼ਾਮ ਨੂੰ ਹੀ ਏਅਰਪੋਰਟ ਤੇ ਪਹੁੰਚ ਗਏ,,ਏਜੰਟ ਪਾਸਪੋਰਟ ਤੇ ਟਿੱਕਟ ਲੈ ਕੇ ਆ ਗਿਆ ।

ਏਕਮ ਨੇ ਜਦ ਪਾਸਪੋਰਟ ਖੋਲ ਕੇ ਚੈੱਕ ਕੀਤਾ ਤਾਂ ਉਸ ਤੇ ਵੀਜ਼ਾ ਸਿਰਫ਼ ਲੀਬੀਆ ਦਾ ਹੀ ਲੱਗਿਆ ਸੀ।
ਇਸ ਤੋਂ ਪਹਿਲਾਂ ਕੇ ਏਕਮ ਕੁੱਝ ਪੁੱਛਦਾ ?

ਏਜੰਟ ਬੋਲਿਆ ਕੇ ਸਖ਼ਤਾਈ ਬਹੁਤ ਆ ਇਟਲੀ ਦਾ ਸਿੱਧਾ ਵੀਜ਼ਾ ਨੀ ਦੇ ਰਹੀ ਅੰਬੈਸੀ ।
ਲੀਬੀਆ ਚ ਤੁਹਾਨੂੰ ਏਅਰਪੋਰਟ ਤੇ ਮੇਰਾ ਬੰਦਾ ਮਿਲੂਗਾ ਜੋ ਤੁਹਾਨੂੰ ਓਥੋਂ ਇਟਲੀ ਦਾ ਵੀਜ਼ਾ ਲੈ ਦੂਗਾ ।

ਹੁਣ ਏਜੰਟ ਨਾਲ ਬਹਿਸ ਕਰਨ ਦਾ ਵਕ਼ਤ ਨਹੀਂ ਸੀ ਕਿਉਂਕੇ ਬੋਰਡਿੰਗ ਬੰਦ ਹੋਣ ਚ ਸਿਰਫ 15 ਮਿੰਟ ਬਾਕੀ ਰਹਿ ਗਏ ਸਨ ।

ਉਹ ਤਿੰਨੋਂ ਚੁੱਪ ਕਰਕੇ ਅਫ਼ਰੀਕਾ ਏਅਰਵੇਜ਼ ਚ ਬੈਠ ਗਏ ਜਿਸਦਾ ਪਹਿਲਾ ਸਟੋਪ ਜੱਦਾ( Jeddah) ਸਾਊਦੀ ਅਰਬ ਤੇ ਦੂਜਾ ਸਟੋਪ ਖ਼ਰਤੂਮ (khartoum) ਸੁਡਾਨ ਸੀ ।

ਏਸ ਤਰ੍ਹਾਂ ਆਪਣੇ ਆਪਣੇ ਜ਼ਿਲਿਆਂ ਤੋਂ ਉੱਡੇ ਉਹ ਤਿੰਨੋ ਕਬੂਤਰ ਲੀਬੀਆ ਦੀ ਰਾਜਧਾਨੀ ਤ੍ਰਿਪੋਲੀ (Tripoli) ਪਹੁੰਚ ਗਏ...|

ਏਅਰਪੋਰਟ ਤੋਂ ਬਾਹਰ ਉਹਨਾਂ ਨੂੰ ਇੱਕ ਸਾਊਥ ਇੰਡੀਅਨ ਮਿਲਿਆ,, ਜਿਸ ਦਾ ਨਾਮ ਮੁਰਗਨਕ ਰਾਓ ਸੀ,,ਮੁਰਗਨਕ ਤਾਮਿਲ ਭਾਸ਼ਾ ਚ ਸ਼ੇਰ ਨੂੰ ਕਿਹਾ ਜਾਂਦਾ ।

ਉਹ ਉਹਨਾਂ ਨੂੰ ਆਪਣੇ ਨਾਲ ਘਰ ਲੈ ਗਿਆ,, ਓਹਨੂੰ ਟੁੱਟੀ ਫੁੱਟੀ ਹਿੰਦੀ ਆਉਂਦੀ ਸੀ ਪਰ ਵਿੱਚ ਵਿੱਚ ਉਹ ਤੇਲਗੂ ਦੇ ਸ਼ਬਦ ਬੋਲ ਜਾਂਦਾ ਸੀ ।

ਮੁਰਗਨਕ ਨੇ ਉਹਨਾਂ ਤਿੰਨਾਂ ਨੂੰ ਇੱਕ ਕਮਰਾ ਦੇ ਦਿੱਤਾ ਇੱਕ ਕਮਰੇ ਚ ਉਹ ਆਪ ਰਹਿੰਦਾ ਸੀ ।

ਉਹ ਉਹਨਾਂ ਤਿੰਨਾਂ ਦੇ ਪਾਸਪੋਰਟ ਲੈ ਕੇ ਚਲਾ ਗਿਆ,ਤੇ ਬੋਲਿਆ ਇਧਰ ਮੇਂ ਆਪ ਫਿਕਰ ਨਾਟ ਰਹੋ,,ਕੋਈ ਚਿੰਤਾ ਨਾਹੀਂ ਏ।

ਥ੍ਰੀ ਫੋਰ ਡੇ ਮੇਂ ਆਪਕੀ ਵੀਜ਼ਾ ਟਿਕਟ ਹੋ ਜਾਤਾ,,ਚਿੰਤਿਨਕਾਂਡੀ (ਤੇਲਗੂ ਚ ,ਡਾਂਟ ਵਰੀ )ਉਹ ਚਲਾ ਗਿਆ।

ਸ਼ਾਮ ਨੂੰ ਉਹ ਉੱਬਲੇ ਆਂਡੇ ਤੇ ਚਾਵਲ ਤੇ ਫਿਸ਼ ਕਰੀ ਉਹਨਾਂ ਵਾਸਤੇ ਲੈ ਆਇਆ ਤੇ ਬੋਲਿਆ
ਈ ਰੋਜੁ ਮਿਰਉ ਦਿੰਣੀ ਟੀਨੈਂਦੀ( ਤੇਲਗੂ ਚ,ਅੱਜ ਤੁਸੀਂ ਇਹ ਖਾਓ ) ।ਤੁਮਕੋ ਬਾਹਰ ਜਾ ਕੇ ਦੇਖੋ ਏਧਰ ਸਭ ਰੋਮਬੇ ਨਿਲਾਰਕੇ( ਬਹੁਤ ਵਧੀਆ)।

ਪਰ ਉਹਨਾਂ ਨੇ ਜਾਣਾ ਕਿਥੇ ਸੀ ਕਮਰੇ ਵਿੱਚ ਹੀ ਤਿੰਨ ਦਿਨ ਕੱਢ ਲਏ।

ਉਹਨਾਂ ਦੇ ਵੀਜ਼ਾ ਟਿਕਟ ਆ ਗਏ ਸਨ ਤੇ ਮੁਰਗਨਕ ਬੋਲਿਆ ਤੁਮਰੀ ਪੰਜਾਬ ਪਾਸਪੋਰਟ ਬਿਗ ਪ੍ਰਾਬਲਮ ਸੀਧਾ ਵੀਜ਼ਾ ਨਹੀਂ ਮਿਲਤੇ ਆਪ ਇਦਰ ਸੇ ਮਾਲਟਾ ਜਾਓ ਓਧਰੀ ਸੇ ਆਪਕੋ ਵੀਜ਼ਾ ਮਿਲਤੀ,, ਅਗਲੇ ਦਿਨ ਉਹਨਾਂ ਦੀ ਮਾਲਟਾ ਦੀ ਫਲਾਈਟ ਸੀ ।

ਮਾਲਟਾ ਏਅਰਪੋਰਟ ਤੇ ਉਹਨਾਂ ਨੂੰ ਲੈਣ ਕੋਈ ਨਾ ਆਇਆ।
ਉਹ ਉਡੀਕ ਦੇ ਰਹੇ ਸ਼ਇਦ ਕੋਈ ਆ ਜਾਵੇ ।

ਪਰ ਉਹਨਾਂ ਨੂੰ ਬੈਠਿਆ ਨੂੰ ਸ਼ਾਮ ਹੋ ਗਈ ਕੋਈ ਨਾ ਆਇਆ,,ਫੇਰ ਭਾਊ ਬੋਲਿਆ ' ਦੇਖੋ ਭਾਊ ਪਿਛਾਂਹ ਤੇ ਉਹੁਣ ਮੁੜਨਾ ਕੋਨੀ,, ਹੁਣ ਗਾੜੀ ਦੇਖਦੇ ਆ ਕੇ ਹੁੰਦਾ,,ਭਾਊ ਤਰਨਤਾਰਨ  ਏਰੀਏ ਦਾ ਸੀ ਨਾਮ ਸੀ ਰਣਜੀਤ ਸਿੰਘ ਭਾਊ ਬਹੁਤ ਦਲੇਰ ਬੰਦਾ ਸੀ ਤੇ ਇੱਕ ਜਗਤਾਰ ਸਿੰਘ ਤਾਰੀ ਪਟਿਆਲੇ ਦਾ ਤੇ ਤੀਜਾ ਸੀ ਏਕਮ।

ਉਹ ਉੱਠੇ ਉਹਨਾਂ ਏਅਰਪੋਰਟ ਦੇ ਨੇੜੇ ਇੱਕ ਸਸਤੇ ਹੋਟਲ ਚ ਕਮਰਾ ਲੈ ਲਿਆ।

ਪਿੱਛੇ ਉਹ ਮੁੜ ਨੀ ਸਨ ਸਕਦੇ ,ਅੱਗੇ ਹੁਣ ਕੋਈ ਰਾਹ ਨੀ ਸੀ ਦਿਸਦਾ ।

ਅਗਲੀ ਸਵੇਰ ਉਹ ਕੁੱਝ ਖਾਣ ਲਈ ਬਾਹਰ ਨਿਕਲੇ ਤਾਂ ਇੱਕ ਰੈਸਟੋਰੈਂਟ ਤੇ ਉਹਨਾਂ ਨੂੰ ਇੱਕ ਪਠਾਣ ਮਿਲਿਆ ਜੋ ਪਾਕਿਸਤਾਨੀ ਸੀ ਨਾਮ ਤਾਂ ਪਤਾ ਨਈਂ ਕੀ ਸੀ ।ਪਰ ਓਹਨੂੰ ਸਾਰੇ ਖਾਨ ਚਾਚਾ ਕਹਿੰਦੇ ਸਨ ।

ਉਹਨਾਂ ਨੇ ਖਾਨ ਚਾਚੇ ਨੂੰ ਸਾਰੀ ਗੱਲ ਦੱਸੀ ਉਹ ਬੋਲਿਆ ਕੇ ਵੀਜ਼ਾ ਤੋ ਆਪਕੋ ਨਹੀਂ ਮਿਲੇਗਾ ਵੋਹ ਤੋ ਆਪਕੋ ਆਪਕੀ ਹੋਮ ਕੰਟਰੀ ਸੇ ਅਪਲਾਈ ਕਰਨਾ ਪੜੇਗਾ ਹਾਂ ਆਪ ਕੋ ਇਟਲੀ ਪਹੁੰਚਾਂ ਸਕਤਾਂ ਹੂੰ।

ਉਹ 500 ਡਾਲਰ  ਇਕ ਬੰਦਾ ਕਹਿੰਦਾ ਸੀ ਪਰ 1200 ਡਾਲਰ ਚ ਉਹਨਾਂ ਦੀ ਡੀਲ ਪੱਕੀ ਹੋ ਗਈ ।

ਸ਼ਾਮ ਨੂੰ ਖਾਨ ਚਾਚਾ ਓਹਨਾ ਨੂੰ ਕਾਰ ਚ ਬਿਠਾ ਕੇ ਵਲੈਟਾ ਪੋਰਟ ( velletta port) ਲੈ ਗਿਆ ।

ਉਹਨਾਂ ਨੂੰ ਇੱਕ ਬਿਜ਼ਲੀ ਵਾਲੀ ਕਿਸ਼ਤੀ( ferry) ਚ ਬਿਠਾ ਦਿੱਤਾ ਰਾਤ ਨੂੰ ਤੁਰੀ ਬਿਜ਼ਲੀ ਵਾਲੀ ਕਿਸ਼ਤੀ ਨੇ 2 ਘੰਟੇ ਤੋਂ ਪਹਿਲਾਂ ਹੀ ਉਹਨਾਂ ਨੂੰ ਪੋਜ਼ਜ਼ਲੋ( pozzallo) ਪਹੁੰਚਾਂ ਦਿੱਤਾ।

ਪੋਜ਼ਜਲੋ ਦੱਖਣੀ ਇਟਲੀ ਦੇ ਸਿਕਲੀ, ਰਗੂਸਾ ਪ੍ਰਾਂਤ ਦਾ ਇੱਕ ਕਸਬਾ ਹੈ,,ਇਹ ਇੱਕ ਸਮੁੰਦਰੀ ਬੰਦਰਗਾਹ ਹੈ ।

ਰਾਤ ਉਹਨਾਂ ਨੇ ਪੋਰਟ ਤੇ ਹੀ ਲੁਕ ਕੇ ਕੱਟੀ ਕਿਓਂਕੇ ਪੁਲੀਸ ਏਥੇ ਕਾਫੀ ਗੇੜਾ ਰੱਖਦੀ ਆ ।

ਅਗਲੀ ਸਵੇਰ ਤਾਰੀ ਦਾ ਭਰਾ ਤਾਰੀ ਨੂੰ ਲੈਣ ਆ ਗਿਆ ਕਿਉਂਕਿ ਓਹਦਾ ਭਰਾ ਪਾਲੇਰਮੋ (palermo) ਰਹਿੰਦਾ ਸੀ ਜੋ ਇਟਲੀ ਦੇ ਉੱਤਰ ਪੱਛਮ ਵਿੱਚ ਵੱਡਾ ਸ਼ਹਿਰ ਸੀ ।

ਉਹਨਾਂ ਤਿੰਨਾਂ ਨੇ ਜੱਫੀ ਪਾਈ ਤੇ ਤਾਰੀ ਵਿਦਾ ਹੋ ਗਿਆ।

ਹੁਣ ਰਹਿ ਗਏ ਏਕਮ ਤੇ ਭਾਊ  ਉਹਨਾਂ ਨੇ ਸਵੇਰੇ ਪੋਜ਼ਜਲੋ( pozzallo) ਤੋਂ ਟ੍ਰੇਨ ਲਈ ਜੋ ਸਿਰਫ਼ ਅਗੱਸਟਾ (augusta)  ਤੱਕ ਸੀ ।

ਉਸਤੋਂ ਅੱਗੇ ਏਕਮ ਨੇ ਵਿੱਲਾ ਸੈਨ ਜਿਓਵਾਨੀ (villa san giovanni) ਤੱਕ ਜਾਣਾ ਸੀ ਤੇ ਭਾਊ ਨੇ ਸਿਰਫ ਕੈਟੇਨੀਆ (cataina) ਤੱਕ ਹੀ ਜਾਣਾ ਸੀ ।

ਟ੍ਰੇਨ ਖੇਤਾਂ ਵਿੱਚ ਦੀ ਦੌੜਨੀ ਸ਼ੁਰੂ ਹੋ ਗਈ,ਅਗੱਸਟਾ ਤੋਂ ਉਹਨਾਂ ਟ੍ਰੇਨ ਚੇਂਜ ਕੀਤੀ,,
ਤਕਰੀਬਨ ਤਿੰਨ ਘੰਟੇ ਚ ਟ੍ਰੇਨ ਕੈਟੇਨੀਆ ਪਹੁੰਚ ਗਈ ।

ਏਥੇ ਭਾਊ ਵੀ ਵੱਖ ਹੋ ਗਿਆ ਹੁਣ ਰਹਿ ਗਿਆ ਸੀ ਕੱਲ੍ਹਾ ਏਕਮ ਤੇ ਉਸਦੇ ਮੂਹਰੇ ਪਿਆ ਸੀ ਇੱਕ

ਲੰਬਾ ਸਫ਼ਰ ।

ਟ੍ਰੇਨ ਸਮੁੰਦਰ ਦੇ ਕਿਨਾਰੇ ਦੌੜਦੀ ਗਿਆਰਰੇ ( giarre) ਤੌਰਮੀਨਾ( taormina) ਸ਼ਹਿਰਾਂ ਨੂੰ ਪਾਰ ਕਰਦੀ ਮੈਸਿਨਾ ( Messina) ਪਹੁੰਚ ਗਈ ।

ਮੈਸਿਨਾ ( Messina) ਸਮੁੰਦਰੀ ਪੋਰਟ ਆ ਇਹ ਸਿਚੀਲੀਆ (Sicily) ਟਾਪੂ ਦਾ ਤੀਸਰਾ ਸਭ ਤੋਂ ਵੱਡਾ ਸ਼ਹਿਰ ਆ ।

ਏਕਮ ਨੇ ਦੇਖਿਆ ਏਥੇ ਪੂਰੀ ਟ੍ਰੇਨ ਇੱਕ ਸਮੁੰਦਰੀ ਜਹਾਜ਼ ਵਿੱਚ ਵੜ ਗਈ,, ਸਾਰੀਆਂ ਸਵਾਰੀਆਂ ਉੱਤਰ ਕੇ ਜਹਾਜ਼ ਦੇ ਡੈੱਕ ਤੇ ਚਲੀਆਂ ਗਈਆਂ ।

ਇਹ ਹੀ ਸ਼ਹਿਰ ,
ਸਿਚੀਲੀਆ (Sicily) ਟਾਪੂ ਨੂੰ ਮੇਨ ਇਟਲੀ ਨਾਲ ਜੋੜਦਾ ਹੈ ।

45 ਕੁ ਮਿੰਟ ਚ ਜਹਾਜ਼ ਨੇ ਸਮੁੰਦਰ ਪਾਰ ਕਰ ਲਿਆ,,ਸਾਰੇ ਮੁਸਾਫ਼ਿਰ ਫਿਰ ਟ੍ਰੇਨ ਚ ਆ ਕੇ ਬੈਠ ਗਏ ।

ਟ੍ਰੇਨ ਜਹਾਜ਼ ਚੋਂ ਬਾਹਰ ਨਿਕਲੀ ਤੇ ਵਿੱਲਾ ਸੈਨ ਜਿਓਵਾਨੀ (villa san giovanni) ਸਟੇਸ਼ਨ ਤੇ ਪਹੁੰਚ ਗਈ ।

ਏਕਮ ਨੇ ਪੂਰੇ ਰਾਹ ਚ ਸਿਰਫ਼ ਕੁੱਝ ਬਰੈਡ ਖਾਦੇ ਤੇ ਇੱਕ ਕੌਫ਼ੀ ਪੀਤੀ ਸੀ ।

ਓਹਨੂੰ ਬਹੁਤ ਭੁੱਖ ਲੱਗੀ ਸੀ,,, ਪਰ ਉਸਨੇ ਸਟੇਸ਼ਨ ਤੋਂ ਪਾਣੀ ਪੀ ਕੇ ਢਿੱਡ ਨੂੰ ਗੰਢ ਮਾਰ ਲਈ ਪਤਾ ਨੀ ਹੋਰ ਕਿੰਨੇ ਦਿਨ ਲੱਗਣੇ ਸਨ ਉਸਨੂੰ ਸਨ ਜਿਮੀਗਨੈਨੋ (San Gimignano) ਪਹੁੰਚਣ ਵਿੱਚ ਤੇ ਪੈਸੇ ਉਸ ਕੋਲ ਬਹੁਤ ਥੋੜ੍ਹੇ ਰਹਿ ਗਏ ਸਨ ।

ਅੱਜ 23 ਦਿਨ ਹੋ ਗਏ ਸਨ ਉਸਨੂੰ ਘਰ ਛੱਡੇ ਨੂੰ ਤੇ ਨਾਰਤਾ ਤਾਂ ਉਹ ਆਖਰੀ ਵਾਰ ਮਾਲਟਾ ਦੇ ਹੋਟਲ ਵਿੱਚ ਸੀ ।

ਸਫ਼ਰਾਂ ਤੇ ਭੁੱਖ ਦਾ ਮਾਰਿਆ ਝੰਬਿਆ ਸੈਨ ਜਿਓਵਾਨੀ (villa san giovanni) ਤੋਂ ਬੱਸ ਰਾਹੀਂ

ਸਨ ਜਿਮੀਗਨੈਨੋ (San Gimignano)ਪਹੁੰਚ ਗਿਆ ਓਥੋਂ ਓਹਨੂੰ ਓਹਦੀ ਭੈਣ ਦਾ ਦਿਓਰ ਕਰਮਾ ਘਰ ਲੈ ਗਿਆ ।

ਨਹਾ ਧੋ ਕੇ ਰੋਟੀ ਖਾਣ ਤੋਂ ਬਾਅਦ ਓਹਨੇ ਕਰਮੇ ਨਾਲ ਘਰ ਦਿਆਂ ਰਾਜ਼ੀ ਖੁਸ਼ੀ ਦੀਆਂ ਗੱਲਾਂ ਕੀਤੀਆਂ ,ਕਰਮੇ ਨੇ ਫੋਨ ਕਰਕੇ ਏਕਮ ਦੇ ਪਹੁੰਚਣ ਬਾਰੇ ਦੀਪੀ ਨੂੰ ਦੱਸ ਦਿੱਤਾ ਸੀ ।
ਕਿਉਂਕੇ ਏਕਮ ਦੇ ਘਰ ਕੋਈ ਫੋਨ ਨਹੀਂ ਸੀ,, ਪਰ ਉਹ ਦੀਪੀ ਨੇ ਜਾ ਕੇ ਬੇਬੇ ਬਾਪੂ ਨੂੰ ਆਪੇ ਦੱਸ ਆਉਣਾ ਸੀ ।

ਫੇਰ ਸਫਰ ਦਾ ਥੱਕਿਆ ਟੁੱਟਿਆ ਏਕਮ ਬੈਡ ਤੇ ਡਿੱਗ ਪਿਆ,,ਉਸਦੇ ਮੂੰਹੋਂ ਨਿਕਲਿਆ ਕਮਲੀਏ ਦੇਖ ਤੇਰਾ ਪਿਆਰ ਕਿੱਥੇ ਲੈ ਆਇਆ ।ਉਸਨੇ ਸੋਚਿਆ ਪਤਾ ਨਈਂ ਪਾਲੀ ਨੇ ਸ਼ੀਤਲ ਨੂੰ ਚਿੱਠੀ ਦਿੱਤੀ ਹੋਵੇਗੀ ਜਾ ਨਹੀਂ ।

ਓਧਰ ਏਕਮ ਦੇ ਜਾਣ ਬਾਰੇ ਤਾਂ ਸ਼ੀਤਲ ਨੂੰ ਅਗਲੇ ਦਿਨ ਹੀ ਪਤਾ ਲੱਗ ਗਿਆ ਸੀ ।

ਰੋ ਰੋ ਕੇ ਓਹਦਾ ਬੁਰਾ ਹਾਲ ਸੀ । ਉਸਨੇ ਅੱਖਾਂ ਬੰਦ ਕੀਤੀਆਂ 2 ਹੰਝੂ ਓਹਦੀਆਂ ਗੋਰੀਆਂ ਗੱਲ੍ਹਾਂ ਉੱਤੋਂ ਦੀ ਹੁੰਦੇ ਹੋਏ ਜ਼ਮੀਨ ਤੇ ਡਿੱਗ ਪਏ ਉਹ ਦਿਲ ਚ ਬੋਲੀ ਵੇ ਜੇ ਜਾਣਾ ਸੀ ਤਾਂ ਇੱਕ ਵਾਰ ਮਿਲ ਤਾਂ ਜਾਂਦਾ ਵੇ ਚੰਦਰਿਆ ਮੈਂ ਕਿਹੜਾ ਤੇਰਾ ਰਾਹ ਰੋਕ ਲੈਣਾ ਸੀ।

ਉਹ ਹਲੇ ਕਹਿ ਹੀ ਰਹੀ ਸੀ ਕੇ ਪਾਲੀ ਨੇ ਏਕਮ ਦੀ ਦਿੱਤੀ ਚਿੱਠੀ ਓਹਦੇ ਹੱਥ ਤੇ ਧਰ ਦਿੱਤੀ ।

ਸ਼ੀਤਲ ਨੇ ਉਹ ਖੋਲੀ ਵੀ ਨਾ,,ਕਿਉਂਕੇ ਉਹ ਘਰ ਜਾ ਕੇ ਮਜ਼ੇ ਨਾਲ ਏਕਮ ਦੇ ਇੱਕ ਇੱਕ ਅੱਖਰ ਨੂੰ ਨਜ਼ਰਾਂ ਚ ਲੰਘਾਉਣਾ ਚਾਹੁੰਦੀ ਸੀ ਜਿਵੇਂ ਦਰਜ਼ੀ ਦੀਆਂ ਨਜ਼ਰਾਂ ਵਿੱਚੋਂ ਸਲਾਈ ਦਾ ਇੱਕ ਇੱਕ ਤੋਪਾ ਗੁਜ਼ਰਦਾ ਏ ਇਹ ਪੂਰੇ ਧਿਆਨ ਨਾਲ ।

ਓਹਨੇ ਘਰ ਜਾ ਕੇ ਕਮਰੇ ਦੀ ਕੁੰਡੀ ਅੰਦਰੋਂ ਬੰਦ ਕੀਤੀ ਚਿੱਠੀ ਨੂੰ ਗਲ ਨਾਲ ਲਾ ਕੇ ਓਹਨੇ ਇੱਕ ਲੰਬਾ ਸਾਹ ਲਿਆ ,ਜਦ ਚਿੱਠੀ ਖੋਲੀ ਤਾਂ ਆਪ ਮੁਹਾਰੇ ਓਹਦਾ ਰੋਣਾ ਨਿਕਲ ਗਿਆ |

ਚਿੱਠੀ ਚ ਸਿਰਫ ਐਨਾ ਹੀ ਲਿਖਿਆ ਸੀ ਕਿ ਸ਼ੀਤਲ ਆਪਣਾ ਖਿਆਲ ਰੱਖੀਂ ਰੱਬ ਰਾਖਾ
ਅਲਵਿਦਾ ......ਏਕਮਪ੍ਰੀਤ

ਉਸ ਨੇ ਬੁੱਲ੍ਹ ਘੁੱਟ ਲਏ ਤਾਂ ਕੇ ਰੋਣ ਦੀ ਆਵਾਜ਼ ਬਾਹਰ ਨਾ ਨਿਕਲੇ ।

ਅੱਖਾਂ ਮੀਚ ਕੇ ਹੰਝੂ ਤਾਂ ਰੁਕ ਜਾਂਦੇ ਨੇ ਪਰ ਹੌਕਿਆਂ ਨੂੰ ਕੋਈ ਕਿੰਝ ਰੋਕੇ ਓਹਨੇ ਐਨੇ ਜ਼ੋਰ ਦੀ ਮੁੱਠੀਆਂ ਮੀਚੀਆਂ ਕੇ ਓਹਦੇ ਨੌਂਹ ਓਹਦੀਆਂ ਤਲੀਆਂ ਚ ਖੁਭ ਗਏ ... ਫੇਰ ਉਹ ਰੋਂਦੀ ਰੋਂਦੀ ਬੋਲੀ ਪਰ ਤੇਰਾ ਖ਼ਿਆਲ ਕੌਣ ਰਖੁਗਾ ਏਕਮ,,, ਵੇ ਚੰਦਰਿਆ ਤੂੰ ਤਾਂ ਆਪ ਨਿਆਣਾ ਏ ।

ਫੇਰ ਬੈਡ ਤੇ ਡਿੱਗ ਕੇ ਓਹ ਐਨਾ ਰੋਈ ਕੇ ਓਹਦਾ  ਸਿਰਹਾਣਾ ਹੰਝੂਆਂ ਨਾਲ ਭਿੱਜ ਗਿਆ....|

ਏਕਮ ਨੂੰ ਇੱਕ ਖੇਤ ਚ ਕੰਮ ਮਿਲ ਗਿਆ ਸੀ,, ਸੂਰਜਮੁਖੀ ਦੀ ਫੁੱਲ ਤੋੜਨ ਦਾ ਕੰਮ ।

ਸਨ ਜਿਮੀਗਨੈਨੋ ਚ ਸੂਰਜਮੁਖੀ ਦੀ ਬਹੁਤ ਖੇਤੀ ਹੁੰਦੀ ਆ,, ਪਰ ਉਸਦੀ ਤਨਖ਼ਾਹ ਬਹੁਤ ਘੱਟ ਸੀ ।

ਫੇਰ ਵੀ 4 ਮਹੀਨੇ ਕੰਮ ਕਰਕੇ ਓਹਨੇ ਨਿੱਕੋ ਭੈਣ ਦਾ ਵਿਆਹ ਕਰ ਦਿੱਤਾ ਸੀ ਭਾਵੇਂ ਖ਼ੁਦ ਉਹ ਨਿੱਕੋ ਦੇ ਵਿਆਹ ਤੇ ਨਹੀਂ ਸੀ ਆ ਸਕਿਆ।

ਇੱਕ ਦਿਨ ਛੁੱਟੀ ਵਾਲੇ ਦਿਨ ਉਹ ਪੇਨੀਆ( penia) ਦੇ ਗੁਰਦਵਾਰਾ ਸਿੰਘ ਸਭਾ ਚਲਾ ਗਿਆ।

ਜਦ ਉਸਨੇ ਮੱਥਾ ਟੇਕਿਆ ਤਾਂ ਗਿਆਨੀ ਜੀ ਬਾਬਾ ਫ਼ਰੀਦ ਜੇ ਸਲੋਕ ਪੜ ਰਹੇ ਸਨ

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥  
ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾਂ ਘਤਿ ॥

ਏਕਮ ਦੀ ਸੋਚ ਬਾਬੇ ਫਰੀਦ ਜੀ ਤੋਂ ਹੁੰਦੀ ਹੋਈ ਫਰੀਦਕੋਟ ਸ਼ਹਿਰ ਪਹੁੰਚ ਗਈ ਕਿਓਂਕਿ ਸੋਚ ਨੂੰ ਕਦੇ ਵੀਜ਼ੇ ਨੀ ਲੈਣੈ ਪੈਂਦੇ ਇਹ ਪਹੁੰਚ ਵੀ ਪਲਾਂ ਵਿੱਚ ਹੀ ਜਾਂਦੀ ਆ ।

ਬਾਬਾ ਫ਼ਰੀਦ ਜੀ ਦੇ ਟਿੱਲਾ ਕਿੰਨੇ ਵੀਰਵਾਰ ਉਹ ਤੇ ਸ਼ੀਤਲ ਕਾਲਜ ਤੋਂ ਨੰਗੇ ਪੈਰੀਂ ਗਏ ਸਨ । ਵਣ ਦੇ ਦਰਖ਼ਤ ਤੇ ਪੂੰਝਿਆ ਬਾਬੇ ਫਰੀਦ ਜੀ ਦਾ ਗਾਰੇ ਵਾਲਾ ਹੱਥ ਜੋ ਅੱਜ ਵੀ ਮਜ਼ੂਦ ਏ । ਰਾਜੇ ਮੋਕਲਸੀ ਦਾ ਕਿਲ੍ਹਾ ਜਿਸ ਨੂੰ ਬਨਾਉਣ ਲਈ ਬਾਬਾ ਜੀ ਨੇ ਗਾਰੇ ਦੀਆਂ ਟੋਕਰੀਆਂ ਢੋਈਆਂ ਸਨ,, ਸਭ ਉਸਦੀਆਂ ਅੱਖਾਂ ਅੱਗੇ ਆਏ ।

ਉਸਨੇ ਅਰਦਾਸ ਕੀਤੀ ਹੇ ਵਾਹਿਗੁਰੂ ਕੁੱਝ ਐਸਾ ਕਰੋ ਕੇ ਮੈਂ ਛੇਤੀ ਕੁੱਝ ਕਮਾ ਕੇ ਪੰਜਾਬ ਮੁੜ

ਸਕਾਂ,,ਓਹਨੇ ਅਰਦਾਸ ਚ ਸ਼ੀਤਲ ਦਾ ਜ਼ਿਕਰ ਨਾ ਕੀਤਾ।

ਉਹ ਅਰਦਾਸ ਕਰਕੇ ਲੰਗਰ ਹਾਲ ਚ ਸੇਵਾ ਕਰਨ ਲੱਗ ਗਿਆ ।

ਉਸਨੂੰ ਉਦਾਸ ਦੇਖ ਕੇ ਇੱਕ ਸਰਦਾਰ ਜੀ ਨੇ ਪੁੱਛੇਆ ਕੀ ਗੱਲ ਏ ਪੁੱਤਰ ਦੁਖੀ ਲੱਗ ਰਿਹਾ ।

ਏਕਮ ਬੋਲਿਆ..ਬਾਪੂ ਜੀ,, ਕੁੱਝ ਬਣਨ ਲਈ ਘਰ ਛੱਡਿਆ ਪਰ ਏਥੇ ਆ ਕੇ ਵੀ ਉਹੀ ਹਾਲ ਆ ਤਨਖ਼ਾਹ ਬਹੁਤ ਘੱਟ ਆ ।

ਸਿਆਣੇ ਕਹਿੰਦੇ ਆ ਕੇ ਸੱਚੇ ਦਿਲੋਂ ਕੀਤੀ ਅਰਦਾਸ ਕਦੇ ਵਿਅਰਥ ਨੀ ਜਾਂਦੀ ।

ਉਸ ਬਜ਼ੁਰਗ ਨੇ ਆਪਣੇ ਕਿਸੇ ਬ੍ਰਿਟਿਸ਼ ( british -england) ਦੋਸਤ ਨੂੰ ਫ਼ੋਨ ਕੀਤਾ ਤੇ ਏਕਮ ਨੂੰ ਆਪਣਾ ਕਾਰਡ ਦੇ ਕੇ ਫਲੋਰੈਂਸ (Florence) ਭੇਜ ਦਿੱਤਾ ਕੇ ਇਹ ਮੇਰੇ ਦੋਸਤ ਦਾ ਰੈਸਟੋਰੈਂਟ ਆ ਉਹ ਤੁਹਾਨੂੰ ਜੌਬ ਦੇ ਦੇਣਗੇ |

ਏਕਮ ਫ਼ੇਰ ਫਲੌਰੈਂਸ ਆ ਗਿਆ |

ਇਹ ਜੌਬ ਇੱਕ ਰੈਸਟੋਰੈਂਟ ਤੇ ਸੀ ਜਿਸਦਾ ਮਾਲਿਕ ਇੰਗਲੈਂਡ ਦਾ ਵਸਨੀਕ ਜੈਕ ਵਿਲੀਅਮ ਸੀ,,ਉਹ ਬੜੇ ਨਿੱਘੇ ਸੁਭਾਅ ਦਾ 40 ਕੁ ਸਾਲ ਦਾ ਜੈਂਟਲ ਮੈਨ ਸੀ ।

ਏਕਮ ਕੰਮ ਤੇ ਲੱਗ ਗਿਆ ਏਥੇ ਸੈਲਰੀ ਘੰਟਿਆਂ ਦੇ ਹਿਸਾਬ ਨਾਲ ਸੀ ਤੇ ਰਹਿਣਾ ਖਾਣਾ ਫ੍ਰੀ ਸੀ ।

ਰੈਸਟੋਰੈਂਟ ਦਾ ਸ਼ੈਫ (chef) ਪ੍ਰਤਾਪ ਸਿੰਘ ਰਾਣਾ 'ਪੌੜੀ ਗੜਵਾਲ ਉਤਰਾਖੰਡ ਦਾ ਸੀ,,,ਉਹ ਵੀ ਬੜਾ ਨੇਕਦਿਲ ਇਨਸਾਨ ਸੀ ਤੇ ਏਕਮ ਓਹਦਾ ਹੈਲਪਰ ਸੀ ।

ਰਾਣਾ ਹਰ ਤਰ੍ਹਾਂ ਦਾ ਖਾਣਾ ਬਣਾਉਣ ਚ ਮਾਹਿਰ ਸੀ ਚਾਹੇ ਉਹ ਇਟਾਲੀਅਨ ਫ਼ੂਡ ਹੋਵੇ ਜਾਂ ਚੈਨੀਅਸ ਫ਼ੂਡ ਹੋਵੇ ਜਾਂ ਨੋਰਥ ਇੰਡੀਅਨ ਸਾਊਥ ਇੰਡੀਅਨ ਕੋਈ ਵੀ ਹੋਵੇ।

ਏਥੇ ਓਹਦੀ ਜ਼ਿੰਦਗੀ ਦੇ ਚੰਗੇ ਦਿਨ ਗੁਜ਼ਰਨੇ ਸ਼ੁਰੂ ਹੋ ਗਏ ।

ਫਲੌਰੈਂਸ ਵੈਸੇ ਵੀ ਇਟਲੀ ਦਾ ਸਭ ਤੋਂ ਖੂਬਸੂਰਤ ਸ਼ਹਿਰ ਆ,,ਇਹ ਇੱਕ ਟੂਰਿਸਟ (Tourist) ਪਲੇਸ ਆ ।
ਏਥੇ ਅਮਰੀਕਾ ਇੰਗਲੈਂਡ ਜਰਮਨ ਇੰਡੀਆ ਪਤਾ ਨੀ ਕਿਹੜੇ ਕਿਹੜੇ ਦੇਸ਼ਾਂ ਤੋਂ ਸੈਲਾਨੀ ਆਉਂਦੇ ਹਨ ਏਥੇ ਰੈਸਟੋਰੈਂਟ ਦਾ ਬਿਸਨੈੱਸ ਬਹੁਤ ਜਿਆਦਾ ਹੈ ।

ਅਰਨੋ (Arno) ਨਦੀ ਫਲੌਰੈਂਸ ਸ਼ਹਿਰ ਦੇ ਬਿਲਕੁੱਲ ਵਿਚਕਾਰ ਦੀ ਗੁਜ਼ਰ ਦੀ ਆ,,ਜੋ ਸ਼ਹਿਰ ਨੂੰ ਬੇਹੱਦ ਖੂਬਸੂਰਤ ਬਣਾਉਂਦੀ ਹੈ । ਪਿੱਟੀ (pitti)ਪੈਲੇਸ ਤੇ ਬਸੀਲਿਕਾ ਆਫ਼ ਸੈਂਟਾਂ (Basilica of Santa Croce) ਬਹੁਤ ਸਾਰੇ ਸਥਾਨ ਆ ਏਥੇ ਮਨ ਮੋਹਣ ਵਾਲੇ।

*****

ਅੱਜ ਰੈਸਟੋਰੈਂਟ ਦੀ ਰਸੋਈ ਚ ਥੋੜ੍ਹਾ ਡਰ ਦਾ ਮਹੌਲ ਸੀ,, ਸਭ ਘਬਰਾਏ ਲੱਗ ਰਹੇ ਸਨ। ਏਕਮ ਨੇ ਸੁਣਿਆ ਦੋ ਜਰਮਨ ਕੁੱਕ (cook) ਆਪਸ ਵਿੱਚ ਗੱਲਾਂ ਕਰ ਰਹੇ ਸਨ,,,ਟੁਡੇ ਮਾਮ ਇਜ਼ ਕਮਿੰਗ ਸ਼ੀ ਇਜ਼ ਵੈਰੀ ਸਟ੍ਰਿਕਟ ਗਰਲ.( Today mam is coming she is very
Strict girl) ਏਕਮ ਸੋਚ ਰਿਹਾ ਸੀ ਕੌਣ ਆ ਰਿਹਾ ਸੀ ਜੋ ਸਭ ਡਰ ਰਹੇ ਸਨ ।

ਫਿਰ ਉਸਨੇ ਰਾਣੇ ਨੂੰ ਪੁੱਛ ਹੀ ਲਿਆ,, ਕੇ ਬਾਈ ਜੀ ਕੌਣ ਆ ਰਿਹਾ?
ਰਾਣਾ ਪੰਜਾਬੀ ਸਮਝ ਲੈਂਦਾ ਸੀ ਤੇ ਬੋਲ ਵੀ ਲੈਂਦਾ ਸੀ |

ਰਾਣੇ ਨੇ ਦੱਸਿਆ ਕਿ ਬੌਸ ਦੀ ਬੇਟੀ ਜੋਫ਼ੀਆ ਵਿਲੀਅਮ ਆ ਰਹੀ ਆ ਜੋ ਦੋ ਮਹੀਨੇ ਲਈ ਇੰਗਲੈਂਡ ਗਈ ਹੋਈ ਸੀ ।
ਉਸਦਾ ਸੁਭਾਅ ਬੌਸ ਤੋਂ ਬਿਲਕੁੱਲ ਉਲਟ ਆ ਬੌਸ ਮੋਮ ਆ ਤੇ ਜੋਫ਼ੀਆ ਅੱਗ ਆ ।

ਹਾਂ ਸੱਚ,,ਓਹਦੇ ਸਾਹਮਣੇ ਸਿਰਫ਼ Yes mam Yes mam ਕਰੀਂ ਉਹ ਬਹੁਤ ਸਖ਼ਤ ਆ ।

ਅਚਾਨਕ 18 ਕੁ ਸਾਲ ਦੀ ਜੋਫ਼ੀਆ ਅੰਦਰ ਰਸੋਈ ਚ ਆਈ,, ਓਹਨੇ ਸਫ਼ੈਦ ਗਾਉਂਨ ਪਹਿਣ ਰੱਖਿਆ ਸੀ,ਗਲ ਚ ਨੈਕਲੇਸ ਪਹਿਣ ਰੱਖਿਆ ਸੀ ,, ਭੂਰੇ ਵਾਲ ਤੇ ਨੀਲੀਆਂ ਅੱਖਾਂ ਤੇ ਰੰਗ ਦੁੱਧ ਨਾਲੋਂ ਚਿੱਟਾ ।

ਉਹ ਸਾਰੇ ਸਟਾਫ਼ ਤੇ ਭੜਕ ਰਹੀ ਸੀ ਤੇ ਖਾਣਾ ਚੈੱਕ ਕਰ ਰਹੀ ਸੀ,, ਜਦ ਉਹ ਰਾਣੇ ਵਾਲੇ ਕਾਊਂਟਰ ਤੇ

ਆਈ ਤਾਂ ਏਕਮ ਨੂੰ ਵੇਖ ਕੇ ਇੱਕ ਦਮ ਰੁੱਕ ਗਈ ।

ਮਾਂ ਦਾ ਦੁੱਧ ਮੱਖਣਾਂ ਨਾਲ ਪਾਲਿਆ ਏਕਮ 6 ਫੁੱਟ ਕੱਦ ,ਗ਼ਜ਼ ਚੌੜੀ ਛਾਤੀ ।

ਜੋਫ਼ੀਆ ਦਾ ਗੁੱਸਾ ਜਾਂਦਾ ਰਿਹਾ ਉਹ ਬੋਲੀ ਏਹ ਬੋਆਏ ਵਟਸ ਯੂਰ ਨੇਮ ( ਤੁਹਾਡਾ ਨਾਂ ਕੀ ਆ )

ਜੀ ਇਕਮਪ੍ਰੀਤ ਸਿੰਘ,, ਮਾਮ ।

ਯੂ ਆਰ ਸੋ ਹੈਂਡਸਮ ਮਿਸਟਰ ਸਿੰਘ ।( ਤੁਸੀਂ ਬਹੁਤ ਸੋਹਣੇ ਹੋ )
ਤੇ ਉਹ ਰਸੋਈ ਤੋਂ ਬਾਹਰ ਚੱਲੀ ਗਈ ।

ਏਕਮ ਛੁੱਟੀ ਤੋਂ ਬਾਅਦ ਆਪਣੇ ਰੂਮ ਵੱਲ ਤੁਰ ਪਿਆ,,ਰਾਤ ਹੋ ਚੁੱਕੀ ਸੀ ਜਦ ਉਹ ਅਰਨੋ ਨਦੀ ਦਾ ਪੁਲ ਪਾਰ ਕਰ ਰਿਹਾ ਸੀ ਤਾਂ ਨਦੀ ਚ ਦੇਖਿਆ ਪੂਰਾ ਚੰਨ ਦਿਖਾਈ ਦੇ ਰਿਹਾ ਸੀ ।

ਅੱਜ ਪਹਿਲੀ ਵਾਰ ਇਟਲੀ ਆਉਣ ਤੋਂ ਬਾਅਦ ਓਹਨੇ ਚੰਨ ਦੇਖਿਆ ਸੀ,,,ਓਸੇ ਤਰ੍ਹਾਂ ਦਾ ਗੋਲਮਟੋਲ ਜੇਹਾ ਜਿੱਦਾਂ ਦਾ ਓਹਦੇ ਪਿੰਡ ਦਿਸਦਾ ਹੁੰਦਾ ਸੀ,,,ਅਸਮਾਨ ਤਾਰਿਆਂ ਨਾਲ ਭਰਿਆ ਹੋਇਆ ਸੀ ।

ਓਹਨੇ ਸੋਚਿਆ ਕੀ ਪਤਾ ਸ਼ੀਤਲ ਵੀ ਚੰਨ ਦੇਖ ਰਹੀ ਹੋਵੇ ਤੇ ਮੇਰੀਆਂ ਤੇ ਓਹਦੀਆਂ ਨਜ਼ਰਾਂ ਟਕਰਾ ਜਾਣ,,, ਓਹਦੇ ਕੋਲ ਸ਼ੀਤਲ ਦੇ ਘਰ ਦਾ ਨੰਬਰ ਸੀ ਪਰ ਓਹਨੇ ਕਦੇ ਫੋਨ ਨਈਂ ਸੀ ਕੀਤਾ । ਉਹ ਗੱਲ ਕਰਨ ਤੋਂ ਡਰਦਾ ਸੀ ਕਿਉਂਕਿ ਉਹ ਸ਼ੀਤਲ ਦਾ ਗੁਨਾਹਗਾਰ ਸੀ,,, ਜੋ ਓਹਨੂੰ ਬਿਨਾਂ ਦੱਸੇ ਭੱਜ ਆਇਆ ਸੀ ।

ਏਕਮ ਜਦ ਅਗਲੇ ਦਿਨ ਰੇਸੋਰੈਂਟ ਵਿੱਚ ਦਾਖ਼ਲ ਹੋਇਆ ਜੋਫ਼ੀਆ ਸਾਹਮਣੇ ਖੜੀ ਸੰਤਰੇ ਦਾ ਜੂਸ ਪੀਅ ਰਹੀ ਸੀ ਤੇ ਜੂਸ ਉਸਦੇ ਹਦੋਂ ਵੱਧ ਗੋਰੇ ਗਲੇ ਵਿੱਚ ਦੀ ਲੰਘਦਾ ਸਾਫ਼ ਦਿਖਾਈ ਦੇ ਰਿਹਾ ਸੀ ।

ਉਹ ਐਨੀ ਸੋਹਣੀ ਸੀ ਕਿ ਹੱਥ ਲਾਇਆ ਮੈਲੀ ਹੁੰਦੀ ਸੀ,,ਏਕਮ ਗੁਡ ਮੋਰਨਿੰਗ ਮਾਮ ਕਹਿ ਕੇ ਕੋਲ ਦੀ ਲੰਘ ਗਿਆ ।

ਪਰ ਏਕਮ ਜਾਣੋ ਜੋਫ਼ੀਆ ਤੇ ਕੋਈ ਜਾਦੂ ਕਰ ਗਿਆ ਸੀ ਹੁਸਨ ਦਾ ਜਾਦੂ ।

ਹੁਣ ਉਹ ਏਕਮ ਦੇ ਕਾਊਂਟਰ ਦੇ ਬਹੁਤ ਗੇੜੇ ਲਾਉਣ ਲੱਗ ਪਈ ਸੀ ।

ਓਧਰ ਰਾਣੇ ਨੇ ਏਕਮ ਨੂੰ ਹਰ ਤਰ੍ਹਾਂ ਦਾ ਖਾਣਾ ਬਣਾਉਣਾ ਸਿਖਾ ਦਿੱਤਾ ਸੀ ਤੇ ਉਹਨੂੰ ਹੋਟਲ ਮਨੇਜਮੈਂਟ ਦਾ ਇੱਕ ਡੁਪਲੀਕੇਟ ਸਰਟੀਫਿਕੇਟ ਵੀ ਬਣਵਾ ਦਿੱਤਾ ਸੀ,,ਜੋ ਇਟਲੀ ਤੋਂ ਇਲਾਵਾ ਹੋਰ ਕਿਸੇ ਵੀ ਦੇਸ਼ ਚ ਕੰਮ ਆ ਸਕਦਾ ਸੀ ।

ਏਥੇ ਰਹਿ ਕੇ ਏਕਮ ਨੇ ਪਿੰਡ ਬਹੁਤ ਸੋਹਣਾ ਘਰ ਵੀ ਬਣਾ ਲਿਆ ਸੀ ਓਹਨੂੰ ਆਏ ਨੂੰ 4 ਸਾਲ ਹੋ ਗਏ ਸਨ,,,ਬੇਸ਼ੱਕ ਓਹਦਾ ਘਰ ਸ਼ੀਤਲ ਦੇ ਬੰਗਲੇ ਅੱਗੇ ਬਹੁਤ ਛੋਟਾ ਸੀ ਪਰ ਉਸ ਵਿੱਚ ਹਰ ਸੁੱਖ ਸਹੂਲਤ ਸੀ ।

ਟੀਵੀ ਫਰਿਜ਼ ਕੂਲਰ ਪੱਖੇ ਹੋਰ ਹਰ ਇਕ ਜ਼ਿੰਦਗੀ ਦੀ ਜ਼ਰੂਰੀ ਚੀਜ਼,,ਹੁਣ ਉਸਦੇ ਘਰ ਫੋਨ ਵੀ ਲੱਗ ਚੁੱਕਾ ਸੀ ਤੇ ਹੁਣ ਉਹ ਬੇਬੇ ਬਾਪੂ ਨਾਲ ਫੋਨ ਤੇ ਸਿੱਧੀ ਗੱਲ ਕਰਦਾ ਸੀ ।

ਅੱਜ ਉਸ ਕੋਲ ਕਿਸੇ ਚੀਜ਼ ਦੀ ਥੋੜ ਨਹੀਂ ਸੀ ਘਾਟ ਸੀ ਤਾਂ ਸਿਰਫ਼ ਸ਼ੀਤਲ ਦੀ ਜੋ ਇੰਡੀਆ ਜਾਣ ਤੋਂ ਬਾਅਦ ਪੂਰੀ ਹੋ ਜਾਣੀ ਸੀ ।

ਓਧਰ ਜੋਫ਼ੀਆ ਨੇ ਏਕਮ ਤੇ ਹੱਕ ਜਿਤਾਉਣਾ ਸ਼ੁਰੂ ਕਰ ਦਿੱਤਾ ਸੀ,, ਉਹ ਕਿਤੇ ਵੀ ਜਾਂਦੀ ਏਕਮ ਨੂੰ ਨਾਲ ਲੈ ਜਾਂਦੀ ।

ਉਸਦੇ ਨਾਲ ਏਕਮ ਨੇ ਬਹੁਤ ਜਗ੍ਹਾ ਦੇਖੀਆਂ ਸਨ,, ਏਕਮ ਦੀ ਇੰਨੀ ਤਨਖ਼ਾਹ ਵੀ ਜੋਫ਼ੀਆ ਕਰਕੇ ਹੀ ਸੀ,, ਇੱਕ ਜੋਫ਼ੀਆ ਕਰਕੇ ਹੀ ਉਹ ਏਸ ਮੁਕਾਮ ਤੇ ਪੁੱਜਾ ਸੀ ।

ਰਾਣੇ ਨੇ ਇੱਕ ਦਿਨ ਏਕਮ ਨੂੰ ਕਿਹਾ ਕਿ ਤੂੰ ਚਾਹੇ ਤਾਂ ਇੱਕ ਵਰਕਰ ਤੋਂ ਇਸ ਰੈਸਟੋਰੈਂਟ ਦਾ ਮਾਲਿਕ ਬਣ ਸਕਦਾ ਏਂ,, ਨਾਲੇ ਏਥੇ ਪੱਕਾ ਹੋ ਸਕਦਾ ਏਂ ਏਥੇ ਪੱਕੇ ਹੋਣ ਲਈ ਲੋਕ ਲੱਖਾਂ ਖਰਚਣ ਨੂੰ ਤਿਆਰ ਨੇ ਅੱਜ ਤਕਦੀਰ ਤੇਰੇ ਬੂਹੇ ਤੇ ਖੜੀ ਆ ।

ਏਕਮ ਬੋਲਿਆ ਭਾਜੀ ਮੈਂ ਏਥੇ ਮਾਲਿਕ ਬਣਨ ਨੀ ਆਇਆ ਤੇ ਨਾ ਹੀ ਪੱਕਾ ਹੋਣ ।

ਫੇਰ ਏਕਮ ਦੀ ਜ਼ਿੰਦਗੀ ਚ ਉਹ ਤੂਫ਼ਾਨ ਆਇਆ,, ਉਹ ਤੂਫ਼ਾਨ ਜਿਸ ਦਾ ਡਰ ਸੀ ।

ਜੋਫ਼ੀਆ ਇੱਕ ਦਿਨ ਉਸਨੂੰ ਆਪਣੇ ਘਰ ਲੈ ਗਈ ।

ਸ਼ੀਤਲ ਦੇ ਘਰ ਨਾਲੋਂ ਕਿਤੇ ਵੱਡਾ ਸੀ ਜੋਫ਼ੀਆ ਦਾ ਆਲੀਸ਼ਾਨ ਘਰ,, ਜੇ ਬੰਦਾ ਇੱਕ ਵਾਰ ਦਾਖਿਲ ਹੋਵੇ ਬਾਹਰ ਨਿਕਲਦੇ ਨੂੰ ਤਿੰਨ ਦਿਨ ਲੱਗ ਜਾਣ।

ਜੋਫ਼ੀਆ ਏਕਮ ਨਾਲ ਵਿਆਹ ਕਰਕੇ  ਓਹਦੇ ਨਾਲ ਇੰਗਲੈਂਡ ਜਾ ਕੇ ਪੱਕੇ ਤੌਰ ਤੇ ਰਹਿਣਾ ਚਾਹੁੰਦੀ ਸੀ ।

ਜੋਫ਼ੀਆ ਪਿੱਛੇ ਇੱਕ ਤੋਂ ਇੱਕ ਬਿਜ਼ਨੈੱਸਮੈਨ ਮੁੰਡਿਆਂ ਦੀਆਂ ਲਾਈਨਾਂ ਸਨ,,ਕਿਉਂਕੇ ਇਟਲੀ ਚ ਓਹਦੇ ਹੁਸਨ ਦੀ ਹੋਰ ਕੋਈ ਨਹੀਂ ਸੀ।

ਪਰ ਉਸਨੂੰ ਚੰਗਾ ਲੱਗਦਾ ਸੀ ਏਕਮ ਦਾ ਭੋਲਾਪਨ ਤੇ ਸਾਦਗੀ ਤੇ ਸੱਚ ਬੋਲਣ ਦੀ ਆਦਤ ।

ਜੋਫ਼ੀਆ ਚਾਹੁੰਦੀ ਸੀ ਕਿ ਅੱਜ ਦੀ ਰਾਤ ਏਕਮ ਉਸਦੇ ਘਰ ਰਵੇ ਤੇ ਉਸਦੀ ਹਰ ਰੀਝ ਪੂਰੀ ਕਰੇ ,ਜੋਫ਼ੀਆ ਦਾ ਪਿਤਾ ਕਿਸੇ ਬਿਜ਼ਨੈੱਸ ਦੀ ਡੀਲ ਲਈ ਰੋਮ ਗਿਆ ਹੋਇਆ ਸੀ ।

ਉਹ ਤੇ ਏਕਮ ਘਰ ਇਕੱਲੇ ਸਨ,,,ਪਰ ਏਕਮ ਉਸਦੇ ਘਰੋਂ ਭੱਜ ਜਾਣਾ ਚਾਹੁੰਦਾ ਸੀ ।

ਕਿਉਂਕਿ ਪਿਆਰ ਸਿਰਫ ਇੱਕੋ ਵਾਰ ਹੁੰਦਾ ਏ ਦੂਜੀ ਵਾਰ ਤਾਂ ਸਿਰਫ਼ ਸਮਝਾਉਤੇ ਹੁੰਦੇ ਹਨ ਤੇ ਸਮਝੌਤਾ ਏਕਮ ਨੇ ਕਰਨਾ ਸਿੱਖਿਆ ਨਹੀਂ ਸੀ ।

ਉਸਨੇ ਜੋਫ਼ੀਆ ਨੂੰ ਸਮਝਾਣ ਬਹੁਤ ਦੀ ਕੋਸ਼ਿਸ਼ ਕੀਤੀ,,ਪਰ ਜੋਫ਼ੀਆ ਏਕਮ ਦੇ ਪਿਆਰ ਚ ਪਾਗਲ ਹੋਈ ਕੁੱਝ ਵੀ ਸੁਣਨ ਨੂੰ ਤਿਆਰ ਨਹੀਂ ਸੀ ।

ਜੋਫ਼ੀਆ ਨੇ ਏਕਮ ਨੂੰ  ਘੁੱਟ ਕੇ ਜੱਫੀ ਪਾ ਲਈ ਤੇ ਉਸਦੇ ਬੁੱਲ ਚੁੰਮਣੇ ਸ਼ੁਰੂ ਕਰ ਦਿੱਤੇ ।

ਆਵਦੀ ਉਮਰ ਤੋਂ ਵੱਧ ਸਿਆਣਾ ਹੋ ਚੁੱਕੇ ਏਕਮ ਨੇ ਧੱਕਾ ਦੇ ਕੇ ਜੋਫ਼ੀਆ ਨੂੰ ਪਰੇ ਕਰ ਦਿੱਤਾ ਤੇ ਉਹ ਸੋਫੇ ਤੇ ਡਿੱਗ ਪਈ ||

ਜੋਫ਼ੀਆ ਨੂੰ ਇਹ ਆਪਣੀ ਬੇਜਤੀ ਲੱਗੀ,, ਏਕਮ ਨੇ ਅੱਜ ਦੂਜੀ ਵਾਰ ਕਿਸਮਤ ਨੂੰ ਬੂਹੇ ਤੋਂ ਮੋੜ ਦਿੱਤਾ ਸੀ ।

ਏਕਮ ਨੇ ਜੋਫ਼ੀਆ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਓਹਨੇ ਗੁੱਸੇ ਹੋਈ ਨੇ ਪੁਲਿਸ ਬੁਲਾ ਲਈ ।

ਏਕਮ ਨੂੰ ਅਨਲਿਗਿਲ ਤਰੀਕੇ ਨਾਲ ਇਟਲੀ ਚ ਦਾਖ਼ਲ ਹੋਣ ਕਰਕੇ ਕੋਰਟ ਨੇ ਤਿੰਨ ਮਹੀਨੇ ਦੀ ਸਜ਼ਾ ਸੁਣਾ ਦਿੱਤੀ ।

ਉਸਤੋਂ ਬਾਅਦ ਕਿਸੇ ਨੇ ਵੀ ਉਸ ਖੂਬਸੂਰਤ ਨੀਲੀਆਂ ਅੱਖਾਂ ਵਾਲੀ ਪਰੀ ਨੂੰ ਕਦੇ ਓਸ ਰੈਸਟੋਰੈਂਟ ਚ ਨਹੀਂ ਦੇਖਿਆ ਕਿਉਂਕੇ ਉਹ ਨੀਲੀਆਂ ਅੱਖਾਂ ਵਾਲੀ ਇਟਲੀ ਦੀ ਸਭ ਤੋਂ ਸੋਹਣੀ ਕੁੜੀ ਹਮੇਸ਼ਾ ਹਮੇਸ਼ਾ ਲਈ ਇੰਗਲੈਂਡ ਚਲੀ ਗਈ ਸੀ ਤੇ ਏਕਮ ਇਟਲੀ ਦੀ ਰਾਜਧਾਨੀ ਰੋਮ ਦੀ ਜੇਲ ਵਿੱਚ ||

ਏਕਮ ਦਾ ਜੇਲ ਚ ਦਮ ਘੁੱਟਦਾ ਓਹਦਾ ਜੀਅ ਰੋਣ ਨੂੰ ਕਰਦਾ,,ਪਰ ਰੋਣ ਲਈ ਵੀ ਤਾਂ ਕੋਈ ਆਪਣਾ ਚਾਹੀਦਾ ਏ ।
ਜੀਹਦੇ ਮੋਢੇ ਤੇ ਸਿਰ ਰੱਖ ਕੇ ਰੋਇਆ ਜਾ ਸਕੇ  ਕੰਧਾਂ ਦੇ ਗਲ ਲੱਗ ਕੇ ਤਾਂ ਰੋਇਆ ਵੀ ਨੀ ਜਾਂਦਾ ।

ਤਿੰਨ ਮਹੀਨੇ ਬਾਅਦ ਇਟਲੀ ਇਮੀਗ੍ਰੇਸ਼ਨ ਨੇ ਏਕਮ ਨੂੰ ਇੰਡੀਆ ਡਿਪੋਰਟ ਕਰ ਦਿੱਤਾ ।

ਪਰ ਏਕਮ ਨੂੰ ਡਿਪੋਰਟ ਹੋਣ ਦਾ ਕੋਈ ਦੁੱਖ ਨਹੀਂ ਸੀ,, ਜੋ ਕੁੱਝ ਉਸਨੇ ਹਾਸਿਲ ਕਰਨਾ ਸੀ ਉਹ ਉਸ ਕੋਲ ਸੀ ।

ਏਕਮ ਦਸ ਕੁ ਦਿਨ ਘਰ ਤੇ ਰਿਸ਼ਤੇਦਾਰੀਆਂ ਚ ਬਿਤਾ ਕੇ ਇੱਕ ਦਿਨ ਫ਼ਰੀਦਕੋਟ ਵਾਲੀ ਬੱਸ ਚੜ ਗਿਆ ।

ਅੱਜ ਉਹ ਬਹੁਤ ਖੁਸ਼ ਸੀ ਤੇ ਥੋੜਾ ਡਰ ਵੀ ਰਿਹਾ ਸੀ ਕਿ ਇੱਕ ਵਾਰ ਤਾਂ ਸ਼ੀਤਲ ਓਹਨੂੰ ਮਾਰਨ ਤੱਕ ਜਾਵੇਗੀ ਕਿਉਂਕੇ ਉਹ ਜਾਂਦਾ ਹੋਇਆ ਓਹਨੂੰ ਮਿਲ ਕੇ ਜੋ ਨਹੀਂ ਗਿਆ ਸੀ ।

ਪਰ ਉਹ ਉਸਨੂੰ ਮਨਾ ਲਵੇਗਾ,,,ਇੱਕ ਵਾਰ ਤਾਂ ਯਾਰ ਉਹ ਗਲ ਨਾਲ ਚਿੰਬੜ ਜਾਊਗੀ ਝੱਲਿਆ ਵਾਂਗ,,, ਇਹ ਸੋਚ ਕੇ ਓਹਨੂੰ ਮਿੱਠੀ ਜਹੀ ਗੁਦਗੁਦੀ ਜਹੀ ਛਿੜ ਗਈ ।

ਅੱਜ ਉਹ ਸ਼ੀਤਲ ਨੂੰ ਵਿਆਹ ਦਾ ਪ੍ਰਸਤਾਵ ਰੱਖੇ ਗਾ ਕਿਉਂਕੇ ਅੱਜ ਓਹਦੇ ਕੋਲ ਸਭ ਕੁੱਝ ਆ ।

ਸੋਚਾਂ ਚ ਗੁਵਾਚਿਆ ਉਹ ਫ਼ਰੀਦਕੋਟ ਪਹੁੰਚ ਗਿਆ ।

ਉਹ ਸਿੱਧਾ ਸ਼ੀਤਲ ਦੇ ਘਰ ਵੱਲ ਤੁਰ ਪਿਆ ਓਹਨੇ ਇੱਕ ਫੁੱਲਾਂ ਦਾ ਗੁਲਦਸਤਾ ਖਰੀਦ ਲਿਆ,, ਉਹ ਹਲੇ ਘੰਟਾ ਘਰ ਹੀ ਪਹੁੰਚਿਆ ਹੀ ਸੀ ਕਿ ਉਹਨੂੰ ਪਾਲੀ ਮਿਲ ਪਈ,ਪਾਲੀ ਸ਼ੀਤਲ ਦੀ ਸਹੇਲੀ ਤੇ ਗੁਆਂਢਣ ਸੀ।

ਅੱਜ ਪੂਰੇ 4 ਸਾਲ 10 ਮਹੀਨੇ ਬਾਅਦ ਮਿਲ ਰਹੇ ਸੀ ਉਹ |

ਏਕਮ ਤੂੰ ! ਪਾਲੀ ਹੈਰਾਨ ਹੁੰਦੀ ਬੋਲੀ |

ਕਿੱਥੇ ਸੀ ਤੂੰ ਇੰਨਾ ਚਿਰ, ਤੂੰ ਤਾਂ ਗਾਇਬ ਹੀ ਹੋ ਗਿਆ ਸੀ ਤੂੰ ਬਿਨ੍ਹਾਂ ਦੱਸੇ,,,ਤੈਨੂੰ ਪਤਾ ਤੇਰੇ ਜਾਣ ਤੋਂ ਬਾਅਦ ਸ਼ੀਤਲ ਨੇ ਕਾਲਜ ਆਉਣਾ ਛੱਡ ਦਿੱਤਾ ਸੀ ।
ਉਂਝ ਮੈਨੂੰ ਕਈ ਵਾਰ ਪੁੱਛਦੀ ਰਹਿੰਦੀ ਸੀ ਕੇ ਏਕਮ ਦਾ ਕੁੱਝ ਪਤਾ ਲੱਗਾ, ਨਾ ਤੇਰਾ ਕੋਈ ਫ਼ੋਨ ਨੰਬਰ ਨਾ ਪਤਾ ਟਿਕਾਣਾ,, ਹੁਣ ਪਹਿਲਾ ਆਪਣਾ ਫ਼ੋਨ ਨੰਬਰ ਦੇ... ਪਾਲੀ ਏਕਮ ਦੇ ਬੋਲਣ ਤੋਂ ਪਹਿਲਾਂ ਹੀ ਕਈ ਸਵਾਲ ਕਰ ਗਈ |

ਅੱਛਾ ਆਹ ਲੈ ...ਨੰਬਰ.......ਏਕਮ ਨੰਬਰ ਲਿਖ਼ ਕੇ ਦਿੰਦਾ
ਬੋਲਿਆ |
ਉਹ ਖੁਸ਼ੀ ਨਾਲ ਸੋਚ ਰਿਹਾ ਸੀ ਕੇ ਵਿਆਹ ਚ ਰੀਬਨ ਲੈ ਕੇ ਬਾਰ ਵੀ ਪਾਲੀ ਨੇ ਰੋਕਣਾ ਗੁਆਂਢ ਚੋਂ ਸਾਲੀ ਜੋ ਹੋਈ।

ਸ਼ੀਤਲ ਸੱਚੀ ਮੇਰੇ ਬਾਰੇ ਏਨਾਂ ਸੋਚਦੀ ਆ,,,ਉਸਦੇ ਅੰਦਰ ਲੱਡੂ ਫੁੱਟ ਰਹੇ ਸਨ ।

ਹਾਂ ਸੱਚ ਤੂੰ ਸ਼ੀਤਲ ਦੇ ਵਿਆਹ ਤੇ ਤਾਂ ਆ ਜਾਂਦਾ ਤੇਰੀ ਤਾਂ ਸਭ ਤੋਂ ਪੱਕੀ ਦੋਸਤ ਸੀ ਉਹ ।

ਤੈਨੂੰ ਪਤਾ ਜਦੋਂ ਓਹਦੀ ਡੋਲੀ ਤੁਰੀ ਸੀ ਉਹ ਬਹੁਤ ਰੋਈ ਸੀ ਸ਼ਇਦ ਤੈਨੂੰ ਉਡੀਕ ਦੀ ਹੋਵੇ... ਪਾਲੀ ਨੇ ਉਹ ਗੱਲ ਕਹਿ ਦਿੱਤੀ ਜਿਸ ਤੇ ਏਕਮ ਦਾ ਭਰਮ ਟਿਕਿਆ ਹੋਇਆ ਸੀ |

ਏਨੀ ਗੱਲ ਸੁਣਕੇ ਏਕਮ ਦੇ ਪੈਰਾਂ ਥੱਲਿਓਂ ਧਰਤੀ ਨਿਕਲ ਗਈ ਉਸਨੂੰ ਚਕਰ ਆ ਗਿਆ,,,ਉਸਨੂੰ ਧਰਤੀ ਪਾਟ ਦੀ ਲੱਗੀ ।
ਉਹਦੇ ਹੱਥ ਚ ਫੜਿਆ ਫੁੱਲਾਂ ਦਾ ਗੁਲਦਸਤਾ ਡਿੱਗਦਾ ਡਿੱਗਦਾ ਮਸਾਂ ਬਚਿਆ ।

ਤੂੰ ਆਹ ਫੁੱਲ ਲੈ ਕੇ ਕਿੱਥੇ ਚਲਿਆ ਏਕਮ ? ਪਾਲੀ ਫੁੱਲਾਂ ਵੱਲ ਵੇਖਦੀ ਫਿਰ ਬੋਲੀ।

ਕਿਤੇ ਨੀ ਆ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਚ ਇੱਕ ਦੋਸਤ ਦਾਖਿਲ ਆ ਓਹਦੇ ਕੋਲ ਚੱਲਿਆਂ ਪਤਾ ਲੈਣ ,ਏਕਮ ਨੇ ਝੂਠ ਬੋਲ ਦਿੱਤਾ ।

ਠੀਕ ਆ ਨਾਲੇ ਪਰਾਂ ਆਂਟੀ ਅੰਕਲ ਨੂੰ ਮਿਲ ਆਵੀਂ ਉਹ ਵੀ ਤੈਨੂੰ ਬਹੁਤ ਯਾਦ ਕਰਦੇ ਆ ,ਇੰਨਾ ਆਖ ਕੇ ਪਾਲੀ ਚਲੀ ਗਈ ।

ਏਕਮ ਮੂੰਹ ਚ ਹੌਲੀ ਜਹੇ ਬੋਲਿਆ..
ਹੀਰ ਨਾਲ ਹੀ ਓਹਦੇ ਮਹਿਲਾਂ ਦੀ ਰੌਣਕ ਸੀ
ਚੂਚਕ ਦੇ ਖਾਲੀ ਚੁਬਾਰੇ ਹੁਣ ਕੌਣ ਵੇਹਦਾਂ ।

ਏਕਮ ਨੂੰ ਧਰਤੀ ਵੇਹਲ ਨੀ ਸੀ ਦੇ ਰਹੀ , ਓਹਦਾ ਜੀਅ ਕਰ ਰਿਹਾ ਸੀ ਕਿ ਧਰਤੀ ਪਾਟ ਜਾਵੇ ਤੇ ਉਹ ਉਸ ਚ ਸਮਾ ਜਾਵੇ ।

ਅੱਜ ਉਹ ਤਦਬੀਰ ਕਰਨ ਲੱਗਾ ਸੀ ਅੱਜ ਤਕਦੀਰ ਧੋਖਾ ਦੇ ਗਈ ਸੀ ।

ਉਸਦਾ ਦਿਲ ਕੀਤਾ ਕਿ ਕੋਈ ਐਸਾ ਤੂਫ਼ਾਨ ਆਵੇ ਜੋ ਉਸਨੂੰ ਰੋੜ ਕੇ ਲੈ ਜਾਵੇ,, ਤੂਫ਼ਾਨ ਆਇਆ ਜਰੂਰ ,ਪਰ ਆਇਆ ਉਸਦੇ ਅੰਦਰ ।

ਓਹਨੇ ਉਹ ਗੁਲਦਸਤਾ ਉਥੇ ਹੀ ਸੁੱਟ ਦਿੱਤਾ ਤੇ ਵਾਪਿਸ ਤੁਰ ਪਿਆ,, ਓਹਨੇ ਠੇਕੇ ਤੋਂ ਅਧੀਆ ਲਿਆ ਤੇ ਉਹਨੂੰ ਇੱਕੋ ਸਾਹ ਚ ਖ਼ਤਮ ਕਰ ਦਿੱਤਾ ।

ਹੁਣ ਏਕਮ ਨੂੰ ਜ਼ਿੰਦਗੀ ਨਾਲ ਨਫਰਤ ਹੋਣ ਲੱਗ ਪਈ ਸੀ ਉਸਨੇ ਕੰਬੋਜ਼ ਦੀਆਂ ਗੋਲੀਆਂ ਖਾਣੀਆਂ ਸ਼ੁਰੂ ਕਰ ਦਿੱਤੀਆਂ ।

ਉਹ ਨਸ਼ੇ ਚ ਪਾਗਲ ਜੇਹਾ ਹੋ ਕੇ ਪਿਆ ਰਹਿੰਦਾ |
ਇੱਕ ਦਿਨ ਫ਼ੋਨ ਦੀ ਘੰਟੀ ਵੱਜੀ ਫ਼ੋਨ ਇਟਲੀ ਤੋਂ ਰਾਣੇ ਦਾ ਸੀ,,,

ਉਸਨੇ ਦੱਸਿਆ ਕਿ ਉਸ ਤੋਂ ਬਾਅਦ ਜੋਫ਼ੀਆ ਮੈਡਮ ਕਦੇ ਇਟਲੀ ਨੀ ਆਏ ,,,,
ਪਰ ਜੈਕ ਸਰ ਨੇ ਦੱਸਿਆ ਕੇ ਜੋਫ਼ੀਆ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ ਤੇ ਉਹ ਪਾਗਲਾਂ ਵਾਂਗ ਹਰਕਤਾਂ ਕਰਨ ਲੱਗ ਪਈ ਸੀ,,

ਉਸਦੀਆਂ ਨੀਲੀਆਂ ਖ਼ੂਬਸੂਰਤ ਅੱਖਾਂ ਥੱਲੇ ਕਾਲੇ ਘੇਰੇ ਪੈ ਗਏ ਸਨ ਤੇ ਭੂਰੇ ਰੇਸ਼ਮੀ ਵਾਲ ਜਟਾਵਾਂ ਬਣ ਗਏ ਸਨ,, ਜਿਸਨੂੰ ਵੇਖਣ ਲਈ ਕਦੇ ਅੱਖਾਂ ਤਰਸਦੀਆਂ ਸਨ,,, ਉਸਦੇ ਚਿਹਰੇ ਤੋਂ ਡਰ ਆਉਣ ਲੱਗ ਪਿਆ ਸੀ ||

ਜੈਕ ਸਰ ਓਹਨੂੰ ਇਲਾਜ਼ ਲਈ ਨਿਊ ਯੋਰਕ (New York) ਲੈ ਗਏ ਉੱਥੇ ਉਹਨੇ ਬਲੇਡ ਨਾਲ ਨਸ ਕੱਟ ਕੇ ਖ਼ੁਦਕੁਸ਼ੀ ਕਰ ਲਈ,,
ਹੁਣ ਜੈਕ ਸਰ ਵੀ ਇਟਲੀ ਵਾਲਾ ਰੈਸਟੋਰੈਂਟ ਵੇਚ ਕੇ ਇੱਥੋਂ ਚਲੇ ਗਏ,, ਮੈਂ ਹੁਣ ਕਿਸੇ ਹੋਰ ਜਗ੍ਹਾ ਜੋਬ ਕਰਦਾ ਹਾਂ,,,ਰਾਣੇ ਤੋਂ ਅੱਗੇ ਬੋਲਿਆ ਨਾ ਗਿਆ ਉਸਦਾ ਗੱਚ ਭਰ ਆਇਆ ਓਹਨੇ ਫੋਨ ਕੱਟ ਦਿੱਤਾ ।

ਇਹ ਗੱਲ ਸੁਣ ਕੇ ਏਕਮ ਤਾਂ ਪੱਥਰ ਹੋ ਗਿਆ ਤੇ ਰਾ..ਸੀਵਰ ਓਹਦੇ ਹੱਥੋਂ ਛੁੱਟ ਗਿਆ,,,ਉਸਦਾ ਰੋਣਾ ਨਿਕਲ ਗਿਆ,, ਕਿੰਨਾ ਚਿਰ ਉਹ ਸਿਰਹਾਣੇ ਚ ਮੂੰਹ ਛੁਪਾ ਕੇ ਰੋਂਦਾ ਰਿਹਾ ।

ਉਹ ਕੱਲੀ ਸ਼ੀਤਲ ਦਾ ਹੀ ਗੁਨਾਹਗਾਰ ਨਹੀਂ ਸਗੋਂ ਜੋਫ਼ੀਆ ਦਾ ਕਾਤਿਲ ਵੀ ਸੀ ।

ਉਸਨੇ ਹੁਣ ਕ੍ਰੋਐਕਸ ਦੀਆਂ ਸ਼ੀਸ਼ੀਆਂ ਵੀ ਪੀਣੀਆਂ ਸ਼ੁਰੂ ਕਰ ਦਿੱਤੀਆਂ ।

ਉਹ ਆਪਣੇ ਆਪ ਨੂੰ ਖਤਮ ਕਰ ਲੈਣਾ ਚਾਹੁੰਦਾ ਸੀ ਪਰ ਕਿਸਮਤ ਉਸਨੂੰ ਜ਼ਿੰਦਗੀ ਦੀ ਬਖਸ਼ਿਸ਼ ਕਰਦੀ ਜਾਂਦੀ । ਉਹਨੇ ਮਰਨ ਦੀਆਂ ਤਦਬੀਰਾਂ ( ਕੋਸ਼ਿਸ਼ਾਂ ) ਕੀਤੀਆਂ,, ਪਰ ਕੀ ਕਰਦਾ ਜਦ ਤਕਦੀਰ ਚ ਜ਼ਿੰਦਗੀ ਲਿਖੀ ਸੀ । ਇੱਕ ਵਾਰ ਤਾਂ ਓਹਨੇ ਨਹਿਰ ਚ ਛਾਲ ਮਾਰ ਦਿੱਤੀ,, ਪਰ ਕੋਲ ਖੇਤ ਦੇ ਚ ਕੰਮ ਕਰਦੇ ਲੋਕਾਂ ਨੇ ਉਸਨੂੰ ਬਚਾ ਲਿਆ ।

ਹੁਣ ਘਰਦੇ ਵੀ ਉਸ ਤੋਂ ਦੁਖੀ ਸਨ,,,ਹੁਣ ਘਰਦੇ ਓਹਨੂੰ ਬਾਹਰ ਨਾ ਜਾਣ ਦਿੰਦੇ ।

ਘਰ ਦੇ ਜਦ ਓਹਦੇ ਵਿਆਹ ਦੀ ਗੱਲ ਕਰਦੇ ਉਹ ਗੁੱਸੇ ਹੋ ਜਾਂਦਾ,, ਘਰ ਦੀਆਂ ਚੀਜ਼ਾਂ ਤੋੜਨ ਲੱਗਦਾ |

ਇੱਕ ਦਿਨ ਉਹ ਪਿਆ ਸੀ ਕਿ ਫ਼ੋਨ ਦੀ ਘੰਟੀ ਵੱਜੀ ।

ਓਹਨੇ ਹੈਲੋ ਕਿਹਾ  ਤਾਂ ਅੱਗੋਂ ਹੈਲੋ ਏਕਮ... ਮੈਂ ਸ਼ੀਤਲ ਬੋਲਦੀ ਆਂ ।

ਏਕਮ ਇਕਦਮ ਸੁੰਨ ਹੋ ਗਿਆ,,,ਫੇਰ ਹੋਲੀ ਜਹੇ ਬੋਲਿਆ ਕੀ ਹਾਲ ਸ਼ੀਤਲ ਮੇਰਾ ਨੰਬਰ ਕਿੱਥੋਂ ਮਿਲਿਆ ?

ਠੀਕ ਆ ਮੈਂ ,ਪਾਲੀ ਨੇ ਤੇਰਾ ਨੰਬਰ ਦਿੱਤਾ ਸੀ ਕੱਲ ,ਮੈਂ ਫ਼ਰੀਦਕੋਟ ਆਈ ਹੋਈਂ ਆ,  ਜੇ ਟਾਈਮ ਲੱਗੇ ਤਾਂ ਮਿਲ ਜਾਵੀਂ ।

******

ਅਗਲੇ ਦਿਨ ਸਵੇਰੇ ਸ਼ਹਿਰ ਪਹੁੰਚ ਏਕਮ ਨੇ ਪਹਿਲਾਂ ਕੋਰੈਕਸ ਦੀ ਸ਼ੀਸ਼ੀ ਪੀਤੀ ਤੇ ਜਾ ਸ਼ੀਤਲ ਦੇ ਘਰ ਦੀ ਬੈੱਲ ਵਜਾ ਦਿੱਤੀ ।

ਦਰਵਾਜ਼ਾ ਸ਼ੀਤਲ ਨੇ ਹੀ ਖੋਲਿਆ,, ਸ਼ੀਤਲ ਦੇ ਬਾਹੀਂ ਚੂੜਾ ਚਮਕ ਰਿਹਾ ਸੀ,,,ਗੂੜੇ ਲਾਲ ਸੂਟ ਚ ਉਹ ਫੱਬ ਤਾਂ ਰਹੀ ਸੀ ਪਰ ਓਹਦਾ ਚੇਰਹਾ ਕੁਮਲਾਯਾ ਹੋਇਆ ਸੀ ।

ਉਹ ਏਕਮ ਨੂੰ ਅੰਦਰ ਲੈ ਗਈ,,, ਘਰ ਉਹ ਕੱਲੀ ਸੀ ਆਂਟੀ ਅੰਕਲ ਕਿਤੇ ਗਏ ਹੋਏ ਸਨ ।।

ਕੁੱਝ ਚਿਰ ਬੈਠਣ ਤੋਂ ਬਾਅਦ ਸ਼ੀਤਲ ਚਾਹ ਬਣਾ ਲਿਆਈ ਤੇ ਦੋਵੇਂ ਗੱਲਾਂ ਕਰਨ ਲਗੇ ।

ਕਿੱਥੇ ਸੀ ਇੰਨ੍ਹਾਂ ਚਿਰ,ਮੇਰੇ ਕੋਲ ਕੁੱਝ ਥਹੁ ਪਤਾ ਵੀ ਨਹੀਂ ਸੀ ਤੇਰਾ ?

ਏਕਮ ਨੇ ਸ਼ੀਤਲ ਨੂੰ ਆਪਣੀ ਸਾਰੀ ਹੱਡਬੀਤੀ ਸੁਣਾ ਦਿੱਤੀ।

ਸ਼ੀਤਲ ਤੂੰ ਖੁਸ਼ ਨੀ ਲੱਗ ਰਹੀ ਕੀ ਗੱਲ ? ਦੁੱਖ ਆ ਕੋਈ ।

ਨਹੀਂ ਨਹੀਂ ਏਕਮ ਏਦਾਂ ਦੀ ਤਾਂ ਕੋਈ ਗੱਲ ਨੀ ਤੈਨੂੰ ਇੰਝ ਕਿਉਂ ਲੱਗ ਰਿਹਾ ਪਰ ਓਹਦੀਆਂ ਅੱਖਾਂ ਗਿੱਲੀਆਂ ਹੋ ਚੁੱਕੀਆਂ ਸਨ,,,ਪਰ ਤੈਨੂੰ ਕੀ ਹੋ ਗਿਆ ਤੂੰ ਕਿਉਂ ਠੀਕ ਨੀ ਲੱਗ ਰਿਹਾ ।

ਮੈਨੂੰ ਕੀ ਹੋਣਾ ਮੈਂ ਵੀ ਠੀਕ ਆਂ,,,ਦਰਅਸਲ ਅੰਦਰੋਂ ਟੁੱਟੇ ਹੋਏ ਉਹ ਦੋਨੋ ਹੀ ਹੋਏ ਸਨ ਬੱਸ ਇੱਕ ਦੂਜੇ ਤੋਂ ਦਰਦ ਲਕੋ ਰਹੇ ਸਨ |

ਸਾਮ੍ਹਣੇ ਦੀਵਾਰ ਤੇ ਸ਼ੀਤਲ ਦੀ ਤੇ ਉਹਦੇ ਪਤੀ ਦੀ ਬਹੁਤ ਵੱਡੀ ਫੋਟੋ ਲੱਗੀ ਸੀ ।

ਏਕਮ ਦੇਖ ਕੇ ਬੋਲਿਆ ਕਿੱਥੋਂ ਦੇ ਨੇ ? ਇਹ ਕਿਸਮਤ ਵਾਲੇ !

ਏਕਮ... ਮੇਰੇ ਪਤੀ ਹੈ ਤਾਂ ਪੰਜਾਬੀ ਹੀ ਪਰ ਕਲਕੱਤੇ ਰਹਿੰਦੇ ਆ ਓਥੇ ਉਹਨਾਂ ਦਾ ਫਿਸ਼ ਸਪੋਟ ਇਕਸਪੋਟ ਦਾ ਬਿਜ਼ਨੈੱਸ ਆ,,,ਉਹਨਾਂ ਦਾ ਕਾਫ਼ੀ ਵੱਡਾ ਕਾਰੋਬਾਰ ਆ ।।

ਫੇਰ ਤੇ ਰੱਬ ਨੇ ਤੇਰੀ ਸੁਣਲੀ ਤੇਰੀ ਤਕਦੀਰ ਤਾਂ ਲਗਦਾ ਰੱਬ ਨੇ ਵੇਹਲੇ ਬਹਿ ਕੇ ਲਿਖੀ ਆ... ਏਕਮ ਹੱਸਦਾ ਹੋਇਆ ਬੋਲਿਆ |

ਏਕਮ ਦੇ ਐਨਾ ਕਹਿਣ ਦੀ ਦੇਰ ਸੀ ਕਿ ਸ਼ੀਤਲ ਭਰੇ ਹੋਏ ਫੋੜੇ ਵਾਂਗ ਫਿੱਸ ਪਈ ਉਹ ਚਿਰਾਂ ਤੋਂ ਅੱਖਾਂ ਚ ਹੰਝੂ ਰੋਕੀ ਬੈਠੀ ਸੀ,, ਉਹ ਤਾਂ ਝੱਲੀ ਬੱਸ ਰੋਣ ਦਾ ਇੱਕ ਬਹਾਨਾ ਹੀ ਲੱਭ ਰਹੀ ਸੀ ਜੋ ਉਸਨੂੰ ਏਕਮ ਦੀ ਗੱਲ ਨੇ ਦੇ ਦਿੱਤਾ ਸੀ ||

ਉਹ ਏਕਮ ਦੇ ਮੋਢੇ ਤੇ ਸਿਰ ਧਰ ਕੇ ਰੋਂਦੀ ਬੋਲੀ ਮੈਂ ਇੰਨੀ ਬਦਕਿਸਮਤ ਕਿਓਂ ਆ,,ਏਕਮ? ਕਿਉਂ ਆ ਏਂਨੀ ਬਦਕਿਸਮਤ ਉਹਦਾ ਰੋਣ ਹੋਰ ਉੱਚੀ ਹੋ ਗਿਆ |

ਏਕਮ ਓਹਦੇ ਵਾਲਾਂ ਚ ਹੱਥ ਫੇਰਦਾ ਬੋਲਿਆ ਤੂੰ ਤੇ ਬਹੁਤ ਕਿਸਮਤ ਵਾਲੀ ਏਂ ਸ਼ੀਤਲ ਤੈਨੂੰ ਰੋਣ ਲਈ ਕਿਸੇ ਦਾ ਮੋਢਾ ਤਾਂ ਮਿਲ ਗਿਆ ਕੁੱਝ ਲੋਕਾਂ ਨੂੰ ਤਾਂ ਰੋਣ ਲਈ ਮੋਢਾ ਵੀ ਨਸੀਬ ਨੀ ਹੁੰਦਾ ।

ਏਕਮ ਨੇ ਦੇ ਵਾਲਾਂ ਚ ਹੱਥ ਫੇਰਦਿਆਂ ਉਹਨੂੰ ਦਿਲਾਸਾ ਦੇਣਾ ਸ਼ੁਰੂ ਕਰ ਦਿੱਤਾ,,,ਸ਼ੀਤਲ ਦਾ ਰੋਣਾ ਕੁਝ ਘੱਟ ਹੋ ਗਿਆ ਪਰ ਹੌਂਕੇ ਹਲੇ ਵੀ ਜਾਰੀ ਸਨ |

ਏਕਮ ਬੋਲਿਆ ਅਗਰ ਤੈਨੂੰ ਮੁੰਡਾ ਪਸੰਦ ਨਹੀਂ ਸੀ ਤਾਂ ਤੂੰ ਨਾ ਕਰ ਦਿੰਦੀ !

ਵੇ ਕਿੰਨਿਆਂ ਨੂੰ ਨਾ ਕਰਦੀ ਜੇ ਏਹਨੂੰ ਨਾ ਕਰ ਦਿੰਦੀ ਮਾਪੇ ਹੋਰ ਕੋਈ ਲੱਭ ਦਿੰਦੇ ਪਰ ਮੇਰੀ ਪਸੰਦ ਤਾਂ ਤੂੰ ਸੀ ਏਕਮ ।

ਤੂੰ ਨੀ ਮਿਲਿਆ ਕੋਈ ਵੀ ਹੋਵੇ ਜ਼ਿੰਦਗੀ  ਤਾਂ ਕੱਟ ਹੀ ਲਵਾਂ ਗੀ, ਨਾਲੇ ਜੇ ਕੋਈ ਬੱਕਰੇ ਨੂੰ ਪੁੱਛੇ ਹਲਾਲ ਹੋਣਾ ਜਾਂ ਝਟਕਾ ਦੇਈਏ ਤਾਂ ਕੀ ਫਰਕ ਪੈਂਦਾ ਇਸ ਨਾਲ ਜਾਨ ਤਾਂ ਦੋਨੋਂ ਤਰ੍ਹਾਂ ਹੀ ਜਾਣੀ ਆ ।

ਏਹੀ ਹਾਲ ਮੇਰਾ ਸੀ । ਵੇ ਚੰਦਰਿਆ ਕਾਲਜ ਦੇ ਮੁੰਡੇ ਤਾਂ ਕੀ ਕੁੜੀਆਂ ਵੀ ਮੇਰੇ ਨਾਲ ਸਿਰਫ਼ ਗੱਲਾਂ ਕਰਨ ਨੂੰ ਤਰਸਦੀਆਂ ਸਨ ਵੇ ਤੇਰਾ ਦਿਲ ਨਾ ਕੀਤਾ ਮੇਰੇ ਕੋਲ ਆਉਣ ਨੂੰ ਤੂੰ ਮੇਰੇ ਕੋਲ ਰਹਿ ਕੇ ਵੀ ਸਦਾ ਦੂਰ ਰਿਹਾ।

ਸ਼ੀਤਲ ਸਾਡੇ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਸੀ ਮੈਂ ਮਹਿਲਾਂ ਦੀ ਇੱਟ ਨਾਲੀ ਨੂੰ ਕਿਵੇਂ ਲਾ ਦਿੰਦਾ ।

ਵੇ ਤੂੰ ਆਵਾਜ਼ ਤਾਂ ਮਾਰਦਾ ਸਾਰੀਆਂ ਦਿਵਾਰਾਂ ਤੋੜ ਕੇ ਤੇਰੇ ਕੋਲ ਆ ਜਾਂਦੀ ਪਰ ਤੂੰ ਇੱਕ ਵਾਰ ਵੀ ਨਾ ਕਿਹਾ ।

ਫੇਰ ਤੂੰ ਉਡੀਕ ਲੈਂਦੀ ..... ਏਕਮ ਬੋਲਿਆ ||

ਵੇ ਤੈਨੂੰ ਕੀਹਨੇ ਕਿਹਾ ਕਿ ਮੈਂ ਉਡੀਕ ਨੀ ਕੀਤੀ |

ਪੂਰੇ 4 ਸਾਲ ਤੇਰਾ ਇੰਤਜ਼ਾਰ ਕੀਤਾ,, ਪਰ ਤੇਰਾ ਤਾਂ ਕੋਈ ਥਹੁ ਪਤਾ ਹੀ ਨਹੀਂ ਸੀ ਕਿ ਤੂੰ ਕਿੱਥੇ ਆਂ,,,ਵੇ ਜੇ ਆਪਣੀ ਬਣਾ ਕੇ ਛੱਡ ਜਾਂਦਾ ਸਾਰੀ ਉਮਰ ਉਡੀਕ ਦੀ ਰਹਿੰਦੀ ਤੈਨੂੰ ।

ਜੇ ਆਪਣੀ ਬਣਾ ਕੇ ਨਹੀਂ ਸੀ ਛੱਡਣਾ ਕੋਈ ਆਉਣ ਦਾ ਵਾਅਦਾ ਹੀ ਕਰ ਜਾਂਦਾ ,ਵੇ ਵਾਅਦਾ ਤਾਂ ਦੂਰ ਦੀ ਗੱਲ , ਤੂੰ ਤਾਂ ਮਿਲ ਕੇ ਵੀ ਨਾ ਗਿਆ ।

ਤੂੰ ਤਾਂ ਚਿੱਠੀ ਵਿੱਚ ਵੀ ਨਹੀਂ ਲਿਖ ਕੇ ਗਿਆ ਕਿ ਸ਼ੀਤਲ ਮੇਰਾ ਇੰਤਜ਼ਾਰ ਕਰੀਂ ਫੇਰ ਕਿਸ ਦੇ ਆਸਰੇ ਉਡੀਕ ਦੀ ਰਹਿੰਦੀ,,, ਨਾਲੇ ਬੇਗਾਨਿਆਂ ਤੇ ਕਦ ਤੱਕ ਬੋਝ ਬਣੀ ਰਹਿੰਦੀ ।

ਜੇ ਆਵਦੇ ਮਾਂ ਪਿਓ ਜਿਉਂਦੇ ਹੁੰਦੇ ਗੱਲ ਹੋਰ ਸੀ,,, ਏਨਾਂ ਆਖ ਉਹ ਫੇਰ ਰੋਣ ਲੱਗ ਪਈ ।

ਹੁਣ ਏਕਮ ਕੋਲ ਕੋਈ ਜਵਾਬ ਨਹੀਂ ਸੀ,, ਕਿਉਂਕਿ ਉਡੀਕ ਕਰਨ ਵਾਲਾ ਤਾਂ ਉਹ ਕੋਈ ਬਹਾਨਾ ਛੱਡ ਕੇ ਹੀ ਨਹੀਂ ਸੀ ਗਿਆ |

ਫੇਰ ਰੋਣ ਤੋਂ ਚੁੱਪ ਹੋ ਕੇ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਬੋਲੀ..
ਤੂੰ ਕਦ ਕਰਵਾਉਣਾ ਵਿਆਹ ?

ਸ਼ਇਦ ਕਦੇ ਵੀ ਨਹੀਂ ...ਸ਼ੀਤਲ,, ਏਕਮ ਨੇ ਥੱਲੇ ਫਰਸ਼ ਵੱਲ ਵੇਖਦਿਆਂ ਜਵਾਬ ਦਿੱਤਾ |

ਵੇ ਇਹ ਕੀ ਗੱਲ ਹੋਈ ਕਿਸੇ ਇੱਕ ਦੇ ਜਾਣ ਨਾਲ ਜ਼ਿੰਦਗੀ ਮੁੱਕ ਨੀ ਜਾਂਦੀ.. ਸ਼ੀਤਲ ਏਕਮ ਦੀ ਠੋਡੀ ਫੜ ਪਿਆਰ ਨਾਲ ਆਪਣੇ ਵੱਲ ਕਰਦੀ ਬੋਲੀ ||

ਸ਼ੀਤਲ ਏਹ ਸਕੂਲ ਦੇ ਗਣਿਤ ਚ ਹੁੰਦਾ ਜਿਥੇ ਦੋ ਚੋਂ ਇੱਕ ਕੱਢਿਆ ਤੋਂ ਇੱਕ ਬਚ ਜਾਂਦਾ ਹੋਣਾ, ਪਿਆਰ ਦੇ ਸਕੂਲ ਦੇ ਅਸੂਲ ਵੱਖਰੇ ਨੇ ਇਥੇ ਜੇ ਦੋ ਚੋਂ ਇੱਕ ਕੱਢੀਏ ਪਿੱਛੇ ਕੁਝ ਨੀ ਬਚਦਾ... ਏਕਮ ਨਸ਼ੇ ਦੀ ਲੋਰ ਚ ਬੋਲਿਆ |

ਪਰ ਏਕਮ ਆਦਮੀ ਦੁਨੀਆਂ ਤੇ ਸਿਰਫ ਸਾਹ ਲੈਣ ਨੀ ਆਉਂਦਾ ਉਹ ਕੁਝ ਕਰਨ ਦਾ ਮਕਸਦ ਲੈ ਕੇ ਆਉਂਦਾ... ਸ਼ੀਤਲ ਪਿਆਰ ਨਾਲ ਏਕਮ ਦੀਆਂ ਦੋਵਾਂ ਗੱਲ੍ਹਾ ਨੂੰ ਹੱਥ ਚ ਫੜ ਅੱਖਾਂ ਚ ਆਏ ਹੰਝੂ ਦੋਨਾਂ ਅੰਗੂਠਿਆਂ ਨਾਲ ਸਾਫ ਕਰਦੀ ਬੋਲੀ ||

ਦੇਖ ਏਕਮ ਮੇਰੇ ਵੱਲ ਦੇਖ,,ਏਕਮ ਨੇ ਮੂੰਹ ਉੱਪਰ ਨੂੰ ਕਰ ਸ਼ੀਤਲ ਵੱਲ ਵੇਖਿਆ.. ਉਹ ਅੱਖਾਂ ਭਰੀ ਬੈਠੀ ਸੀ |

ਚੰਦਰਿਆ ਹੁਣ ਇਹ ਦੁੱਖ ਤਾਂ ਨਾ ਦੇ ਮੈਨੂੰ,, ਘੱਟੋ ਘੱਟ ਇਹ ਖੁਸ਼ੀ ਤਾਂ ਹੋਵੇ ਤੇਰਾ ਘਰ ਬਾਰ ਵਸ ਗਿਆ ਏ ||

ਤੈਨੂੰ ਮੇਰੀ ਸੌਂਹ ਤੂੰ ਹੁਣ ਵਿਆਹ ਕਰਵਾ ਲੈ,,,ਜੇ ਤੂੰ ਮੇਰੇ ਅਰਮਾਨ ਨੀ ਪੂਰੇ ਕਰ ਸਕਿਆ, ਜਿੰਨ੍ਹਾਂ ਨੇ ਤੈਨੂੰ ਜਨਮ ਦਿੱਤਾ ਉਹਨਾਂ ਦੇ ਵੀ ਕੁੱਝ ਅਰਮਾਨ ਹੋਣ ਗਏ ਘੱਟੋ ਘੱਟ ਉਹ ਤਾਂ ਪੂਰੇ ਕਰਦੇ ।

ਏਕਮ ਜ਼ਿੰਦਗੀ ਨੂੰ ਪਿਆਰ ਕਰਕੇ ਤਾਂ ਦੇਖ ਇਹ ਤੈਨੂੰ ਫੇਰ ਖੂਬਸੂਰਤ ਲੱਗਣ ਲੱਗ ਪਵੇਗੀ ।

ਪਰ ਸ਼ੀਤਲ ਮੈਂ ਤੇਰਾ ਤੇ ਜੋਫ਼ੀਆ ਦਾ ਗੁਨਾਹਗਾਰ ਹਾਂ !

ਕੋਈ ਕਿਸੇ ਦਾ ਗੁਨਾਹਗਾਰ ਨੀ ਹੁੰਦਾ ,ਜਿਸ ਦੀ ਤਕਦੀਰ ਚ ਜੋ ਕੁੱਝ ਲਿਖਿਆ ਹੁੰਦਾ, ਉਹ ਓਹਨੂੰ ਮਿਲ ਜਾਂਦਾ ਏ ਏਕਮ.....ਸ਼ੀਤਲ ਏਕਮ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਉਹਦੇ ਮੂੰਹ ਤੇ ਹੱਥ ਰੱਖਦੀ ਬੋਲੀ ||

ਕੁਝ ਚਿਰ ਉਹ ਗੱਲਾਂ ਕਰਦੇ ਰਹੇ ਤੇ ਕੁੱਝ ਯਾਦਾਂ ਤਾਜੀਆਂ ਕਰ ਕਦੇ ਹੱਸ ਪੈਂਦੇ ਕਦੇ ਰੋ ਪੈਂਦੇ ||
ਮਨ ਦੇ ਭਰੇ ਗੁਬਾਰ ਕੱਢਣ ਤੋਂ ਬਾਅਦ ਏਕਮ ਨੇ ਸ਼ੀਤਲ ਤੋਂ ਵਿਦਾ ਮੰਗੀ ਤੇ ਉਠ ਕੇ ਜਾਣ ਲੱਗਾ ਉਹ ਸ਼ੀਤਲ ਦੇ ਗਲ ਲੱਗ ਕੇ ਰੋਣ ਲੱਗ ਪਿਆ ।

ਸ਼ੀਤਲ ਬੋਲੀ ਕੀ ਹੋਇਆ ਏਕਮ ?

ਏਕਮ ਬੋਲਿਆ ਇਹ ਰੋਣਾ ਮੇਰਾ ਬੜੇ ਚਿਰ ਦਾ ਬਾਕੀ ਸੀ ,
ਉਸ ਤੋਂ ਬਾਅਦ ਨਾ ਤਾਂ ਕਦੇ ਵਕ਼ਤ ਮਿਲਿਆ ਤੇ ਨਾ ਕਦੇ ਕੋਈ ਆਪਣਾ , ਅੱਜ ਵਕ਼ਤ ਵੀ ਮਿਲ ਗਿਆ ਤੇ ਕੋਈ ਆਪਣਾ ਵੀ ,ਏਸੇ ਲਈ ਰੋ ਕੇ ਮਨ ਹੌਲਾ ਕਰ ਲਿਆ |

ਫੇਰ ਉਹ ਇੱਕੋ ਝਟਕੇ ਨਾਲ ਸ਼ੀਤਲ ਤੋਂ ਵੱਖ ਹੋ ਕੇ ਅੱਖਾਂ ਪੂੰਝਦਾ ਬਾਹਰ ਨਿਕਲ ਗਿਆ ।

ਉਸਨੇ ਪਿੱਛੇ ਮੁੜ ਕੇ ਨੀ ਦੇਖਿਆ । ਉਸਨੇ ਜੇਬ ਚੋ ਕੰਬੋਜ ਦੀਆਂ ਗੋਲੀਆਂ ਕੱਢੀਆਂ ਪਰ ਓਹਦਾ ਖਾਣ ਨੂੰ ਦਿਲ ਨਾ ਕੀਤਾ,, ਪਰ ਉਹ ਓਹਨੇ ਨਾਲੀ ਵਿੱਚ ਸੁੱਟ ਦਿੱਤੀਆਂ ।

ਅੱਜ ਓਹਦੇ ਮਨ ਤੋਂ ਸ਼ੀਤਲ ਤੇ ਜੋਫ਼ੀਆ ਦੇ ਗੁਨਾਹਗਾਰ ਹੋਣ ਦਾ ਬੋਝ ਲੈਹ ਗਿਆ ਸੀ ਕਿਉਂਕਿ ਸ਼ੀਤਲ ਨੇ ਉਹਨੂੰ ਜ਼ਿੰਦਗੀ ਦੀ ਰਾਹ ਦਿਖਾ ਦਿੱਤੀ ਸੀ ਤੇ ਘਰ ਆ ਕੇ ਉਹ ਸੋਫੇ ਤੇ ਡਿੱਗ ਪਿਆ ਤੇ ਗੂੜੀ ਨੀਂਦ ਸੌਂ ਗਿਆ...|

ਏਕਮ ਸ਼ਾਮ ਨੂੰ ਉੱਠਿਆ ਬੇਬੇ ਰੋਟੀ ਪਕਾ ਰਹੀ ਸੀ,,, ਏਕਮ ਪਿੱਛੋਂ ਜਾ ਕੇ ਬੇਬੇ ਨੂੰ ਜੱਫੀ ਪਾ ਕੇ ਬੋਲਿਆ ਬੇਬੇ ਆਹ ਤੇਰੀ ਉਮਰ ਰੋਟੀ ਪਕਾਉਣ ਦੀ ਨਹੀਂ ਸਗੋਂ ਨੂੰਹ ਦੇ ਹੱਥ ਦੀਆਂ ਪੱਕੀਆਂ ਖਾਣ ਦੀ ਆ ਬੇਬੇ |

ਬੇਬੇ ਨੂੰ ਜਾਣੀਦੀ ਯਕੀਨ ਈ ਨਾ ਆਇਆ ਉਹ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਬੋਲੀ.. ਵੇ ਸੱਚੀਂ ਪੁੱਤ ?

ਹਾਂ ਮੇਰੀ ਬੇਬੇ ਸੱਚੀਂ ਮੁੱਚੀਂ.. ਏਨਾਂ ਆਖ ਕੇ ਉਹ ਕਿੱਲਿਆਂ ਤੋਂ ਪਸ਼ੂ ਬਦਲਣ ਲੱਗ ਗਿਆ।

ਏਕਮ ਦੀ ਨਿੱਕੀ ਭੈਣ ਨਿੱਕੋ ਦੇ ਘਰ ਵਾਲੇ ਦੀ ਭੂਆ ਦੀ ਪੋਤੀ ਨਾਲ ਏਕਮ ਦੇ ਵਿਆਹ ਦੀ ਗੱਲ ਤੋਰ ਲਈ ਗਈ ||

ਕੁੜੀ ਦਾ ਨਾਮ ਸੀ ਰੀਤ...ਬਹੁਤ ਹੀ ਸੋਹਣੀ ਪਰੀਆਂ ਵਰਗੀ ਤੇ ਲੋਹੜੇ ਦੀ ਸਾਦਗੀ ਵਾਲੀ ਕੁੜੀ।

ਚੇਤ ਦੇ ਨਾਰਾਤਿਆਂ ਦਾ ਵਿਆਹ ਰੱਖ ਕੇ ਏਕਮ ਦੀ ਮੰਗਣੀ ਕਰ ਦਿੱਤੀ ਗਈ ।

ਰੀਤ ਦੀ ਸਾਦਗੀ ਨੇ ਉਹਨੂੰ ਸ਼ੀਤਲ ਤੇ ਜੋਫ਼ੀਆ ਦੋਨੋਂ ਭੁਲਾ ਦਿੱਤੀਆਂ ਸਨ ।

ਕਿੰਨੀ ਕਿੰਨੀ ਰਾਤ ਤੱਕ ਉਹ ਦੋਵੇਂ ਫ਼ੋਨ ਤੇ ਗੱਲਾਂ ਕਰਦੇ ਰਹਿੰਦੇ ਹੁਣ ਏਕਮ ਨੂੰ ਜ਼ਿੰਦਗੀ ਦਾ ਮੋਹ ਆਉਣ ਲੱਗ ਪਿਆ ।

ਜ਼ਿੰਦਗੀ ਤੋਂ ਭੱਜਣ ਵਾਲੇ ਏਕਮ ਨੂੰ ਹੁਣ ਚੇਤ ਤੱਕ ਇੰਤਜ਼ਾਰ ਕਰਨਾ ਵੀ ਮੁਸ਼ਕਿਲ ਹੋਇਆ ਪਿਆ ਸੀ ।

ਓਹਨੇ ਆਹਨੇ ਬਹਾਨੇ ਨਾਲ ਨਿੱਕੋ ਨੂੰ ਜਲਦੀ ਵਿਆਹ ਦੇ ਬਾਰੇ ਕਈ ਵਾਰ ਕਿਹਾ ਸੀ ਪਰ ਓਹਦਾ ਜਵਾਬ ਹੁੰਦਾ 'ਵੀਰੇ ਉਹ ਕੁੜੀ ਵਾਲੇ ਆ ,ਉਹਨਾਂ ਤਿਆਰੀ ਵੀ ਕਰਨੀ ਆ ਨਾਲੇ ਚੇਤ ਚ ਕਿਹੜਾ ਗੋਡੇ ਆ,,,ਆਹ 6 ਮਹੀਨੇ ਰਹਿ ਗਏ ਸਾਰੇ ।

ਸਿਆਣੇ ਕਹਿੰਦੇ ਆ ਜਦੋਂ ਕੋਈ ਤੁਹਾਡੀ ਜ਼ਿੰਦਗੀ ਚ ਆਉਂਦਾ ਆਪਣੀ ਕਿਸਮਤ ਨਾਲ ਲੈ ਕੇ ਆਉਂਦਾ, ਓਧਰ ਰੀਤ ਓਹਦੀ ਜ਼ਿੰਦਗੀ ਚ ਆਈ ਏਧਰ ਓਹਨੂੰ ਪੂਨੇ ਦੀ ਇੱਕ ਸ਼ਿਪ ਕੰਪਨੀ ਵਲੋਂ ਕੁੱਕ ਦੀ ਜੋਬ ਦੀ ਆਫਰ ਆ ਗਈ |

ਏਕਮ ਦੀ ਜਾਣੋ ਕਿਸਮਤ ਹੀ ਖੁੱਲ ਗਈ,, ਇਹ ਨੌਂਕਰੀ ਬਾਰੇ ਵੀ ਅਪਲਾਈ ਕਰਨ ਨੂੰ ਉਹਨੇ

ਇਟਲੀ ਵਾਲੇ ਕੁੱਕ ਰਾਣੇ ਨੇ ਦੱਸ ਪਾਈ ਸੀ |
ਕਿਉਂਕਿ ਉਹਨੂੰ ਏਕਮ ਦੇ ਮਾਂ ਪਿਓ ਤੋਂ ਏਕਮ ਦੇ ਗ਼ਲਤ ਰਾਹ ਤੇ ਤੁਰਨ ਦਾ ਪਤਾ ਲੱਗ ਗਿਆ ਸੀ |

ਉਸਦੇ ਵਿਆਹ ਚ ਹਲੇ 6 ਮਹੀਨੇ ਦਾ ਵਕ਼ਤ ਸੀ ਨਾਲੇ ਓਹਦਾ ਦਿਲ ਲੱਗਿਆ ਰਹਿਣਾ ਸੀ ਨਾਲੇ ਤਨਖ਼ਾਹ ਵੀ ਚੰਗੀ ਸੀ ।

ਉਹ ਪੂਨੇ ਚਲਾ ਗਿਆ ਇਸ ਕੰਪਨੀ ਕੋਲ ਤਿੰਨ ਸ਼ਿਪ ( ਸਮੁੰਦਰੀ ਜਹਾਜ਼) ਸਨ । ਇੱਕ ਤਾਮਿਲਨਾਡੂ ਤੋਂ ਵਾਇਆ ਥਾਈਲੈਂਡ ਮਲੇਸ਼ੀਆ ਸਿੰਗਾਪੁਰ ਚਲਦਾ ਸੀ ਤੇ 2 ਕਲਕੱਤੇ ਤੋਂ ਅੰਡੇਮਾਨ ਨਿਕੋਬਾਰ ।

ਓਹਨੂੰ ਕਲਕੱਤੇ ਦੇ ਕਲੱਕਤਾ ਪੋਰਟ ਟਰੱਸਟ ਤੇ ਜੋਆਨਿੰਗ ਮਿਲੀ । ਉਹ ਕਲੱਕਤਾ ਤੋਂ ਪੋਰਟ ਬਿਲਾਰ ਤੱਕ ਜਾਂਦਾ ਸੀ ।
ਉਸਨੂੰ ਇੱਕ ਮਹੀਨਾ ਕਦ ਬੀਤ ਗਿਆ ਪਤਾ ਹੀ ਨਾ ਲੱਗਾ ।

ਹੁਣ ਹਾਲੀਦਾ ਪੋਰਟ ਤੇ ਆਏ ਹੜ ਕਾਰਨ ਉਸਨੂੰ 2 ਦਿਨ ਦੀ ਛੁੱਟੀ ਸੀ ।

ਉਹ ਟੈਕਸੀ ਲੈ ਕੇ ਹਾਵੜਾ ਪਹੁੰਚ ਗਿਆ,,,ਉਥੋਂ ਓਹਨੇ ਹਾਵੜਾ ਪੁਲ ਪਾਰ ਕੀਤਾ ਜੋ ਹੂਗਲੀ ਨਦੀ ਤੇ ਬਣਿਆ ਹੋਇਆ ਏ ।

ਹਾਵੜਾ ਬ੍ਰਿਜ ਦੇ ਨਾਲ ਬੜਾ ਬਾਜ਼ਾਰ ਚ ਸ਼ੀਤਲ ਦਾ ਘਰ ਸੀ ਏਸੇ ਬਾਜ਼ਾਰ ਚ ਇਤਿਹਾਸਕ ਗੁਰਦੁਆਰਾ ਵੀ ਹੈ ਜਿਥੇ ਪਹਿਲੀ ਉਦਾਸੀ ਵੇਲੇ ਗੁਰੂ ਨਾਨਕ ਦੇਵ ਜੀ ਤੇ ਬਾਅਦ ਵਿੱਚ ਗੁਰੂ ਤੇਗ ਬਹਾਦਰ ਜੀ  ਠਹਿਰੇ ਸਨ ।

ਉਹ ਜਾ ਕੇ ਸ਼ੀਤਲ ਨੂੰ ਆਪਣੇ ਤੇ ਰੀਤ ਬਾਰੇ ਦੱਸਣਾ ਚਾਹੁੰਦਾ ਸੀ । ਉਹ ਰੀਤ ਦੀ ਫੋਟੋ ਵੀ ਨਾਲ ਲੈ ਕੇ ਆਇਆ ਸੀ ਤਾਂ ਕੇ ਸ਼ੀਤਲ ਨੂੰ ਦਿਖਾ ਸਕੇ ।

ਪਹਿਲਾਂ ਉਸਨੇ ਗੁਰਦੁਆਰੇ ਮੱਥਾ ਟੇਕਿਆ ਤੇ ਸ਼ੀਤਲ ਦੇ ਘਰ ਵੱਲ ਤੁਰ ਪਿਆ ।

ਸੋਚਾਂ ਚ ਗੁਆਚੇ ਨੇ ,ਓਹਨੇ ਲਾਲ ਬੱਤੀ ਦਾ ਧਿਆਨ ਵੀ ਨਾ ਕੀਤਾ,,,ਅਚਾਨਕ ਇੱਕ ਵੱਡੀ ਕਾਰ ਉਸ ਨਾਲ ਟਕਰਾਈ ਤੇ ਉਹਦੀ ਛਾਤੀ ਇੱਕ ਪੱਥਰ ਤੇ ਜਾ ਲੱਗੀ ।ਉਸਦੇ ਮੂੰਹ ਚੋਂ ਖ਼ੂਨ ਨਿਕਲ ਆਇਆ ਉਹ ਸਪਰਿੰਗ ਵਾਂਗ ਕੱਠਾ ਹੋ ਗਿਆ ।

ਸੱਟ ਓਹਦੇ ਦਿਲ ਤੇ ਲੱਗੀ ਸੀ ਨਾਲੇ ਸੱਟ ਵਾਲੀ ਜਗ੍ਹਾ ਸੱਟ ਜ਼ਿਆਦਾ ਲੱਗਦੀ ਹੁੰਦੀ ਆ,, ਬਾਹਰ ਕੋਈ ਚੋਟ ਨਾ ਲੱਗੀ ਓਹਨੂੰ | ਬੱਸ ਗੁੱਝੀ ਸੱਟ ਲੱਗੀ ਸੀ ਜੋ ਜਿਆਦਾ ਖ਼ਤਰਨਾਕ ਹੁੰਦੀ ਆ ।

ਕਾਰ ਚਾਲਕ ਪੁਲਿਸ ਕੇਸ ਤੋਂ ਡਰਦਾ ਹਸਪਤਾਲ ਲਿਜਾਣ ਦੀ ਬਜਾਏ ਓਹਨੂੰ ਆਪਣੇ ਘਰ ਲੈ ਗਿਆ ।

ਏਕਮ ਨੂੰ ਪਲੰਘ ਤੇ ਲਿਟਾ ਕੇ ਆਪਣੀ ਪਤਨੀ ਨੂੰ ਆਵਾਜ਼ ਦੇ ਕੇ "' ਕੇ ਡੀਅਰ ਮੇਰੇ ਕੋਲੋ ਛੋਟਾ ਜਿਹਾ ਐਕਸੀਡੈਂਟ ਹੋ ਗਿਆ ਤੁਸੀਂ ਇਹਦਾ ਧਿਆਨ ਰੱਖਣਾ ਮੈਂ ਡਾਕਟਰ ਨੂੰ ਲੈਣ ਜਾ ਰਿਹਾਂ ।
ਏਨਾਂ ਕਹਿ ਕੇ ਉਹ ਚਲਾ ਗਿਆ ।

ਜਦ ਓਹਦੀ ਪਤਨੀ ਪਾਣੀ ਲੈ ਕੇ ਬਾਹਰ ਆਈ ਤਾਂ ਏਕਮ ਦੀਆਂ ਬੰਦ ਹੋ ਰਹੀਆਂ ਅੱਖਾਂ ਫ਼ੇਰ ਤੋਂ ਖੁੱਲ ਗਈਆਂ ।

ਕਿਓਂਕਿ ਪਾਣੀ ਲੈ ਕੇ ਕੋਈ ਹੋਰ ਨਹੀਂ,, ਬਲਕਿ ਸ਼ੀਤਲ ਆ ਰਹੀ ਸੀ । ਏਕਮ ਦੇ ਚਿਹਰੇ ਤੇ ਮੁਸਕਾਨ ਆ ਗਈ ਪਰ ਉਹਤੋਂ ਕੁੱਝ ਬੋਲਿਆ ਨਾ ਗਿਆ ।

ਸ਼ੀਤਲ ਭੱਜ ਕੇ ਆ ਕੇ ਏਕਮ ਦੇ ਮੂੰਹ ਨੂੰ ਪਾਣੀ ਲਾਉਂਦੀ ਬੋਲੀ ਇਹ ਕੀ ਹੋ ਗਿਆ "ਏਕਮ" ਤੂੰ ਏਥੇ ਕਿਦਾਂ ?

ਏਕਮ ਨੂੰ ਖੰਘ ਆਈ ਤੇ ਪੂਰਾ ਪਾਣੀ ਤੇ ਖੂਨ ਮੂੰਹ ਚੋਂ ਬਾਹਰ ਆ ਗਿਆ ਓਹਦੀ ਸ਼ਰਟ ਖੂਨ ਨਾਲ ਲਿਬੜ ਗਈ।

ਸ਼ੀਤਲ ਆਪਣੀ ਚੁੰਨੀ ਨਾਲ ਓਹਦਾ ਮੂੰਹ ਤੇ ਗਲਾ ਸਾਫ਼ ਕਰਦੀ ਰੋਣ ਲੱਗ ਪਈ ।

ਮੈਂ ਏਥੇ ਕਿਦਾਂ ਇਹ ਦੱਸਣ ਦਾ ਵਕ਼ਤ ਨਹੀਂ ਆ 'ਸ਼ੀਤਲ',,ਪਤਾ ਨਈਂ ਤਕਦੀਰ ਜਾਂ ਮੌਤ ਦੋਨਾਂ ਚੋਂ ਕੌਣ ਖਿੱਚ ਲਿਆਈ ਏਥੇ ।
ਤਕਦੀਰ ਸ਼ਬਦ ਉਸਨੇ ਇਸ ਲਈ ਵਰਤਿਆ ਕੇ ਤਕਦੀਰ ਨਾਲ ਅੱਜ ਉਹ ਆਪਣੇ ਮਹਿਬੂਬ ਦੇ ਹੱਥਾਂ ਚ ਮਰਨ ਲੱਗਾ ਸੀ |

ਉਹ ਰੁੱਕ ਰੁੱਕ ਕੇ ਖੰਘ ਖੰਘ ਕੇ ਬੋਲ ਰਿਹਾ ਸੀ ।

ਜਦ ਮੌਤ ਦਾ ਨਾਮ ਲਿਆ ਸ਼ੀਤਲ ਨੇ ਏਕਮ ਦੇ ਮੂੰਹ ਤੇ ਹੱਥ ਰੱਖ ਲਿਆ ਤੇ ਓਹਦਾ ਆਵਦਾ ਰੋਣਾ ਹੋਰ ਵੀ ਉੱਚੀ ਹੋ ਗਿਆ ।

ਕੀ ਕ..ਰ ਰ..ਹੀਂ ਏਂ ਸ਼ੀਤਲ.... ਕਮਲੀਏ ਜ਼ਿੰਦਗੀ ਦੇ ਹਰ ਕੰਮ ਵਿੱਚ ਤੂੰ ਪਹਿਲ ਕਰਦੀ ਰਹੀ ਏ,,, ਮੈਂ ਸਦਾ ਤੈਨੂੰ ਵਧਾਈ ਦਿੰਦਾ ਰਿਹਾ ਹਾਂ,,,ਕਹਿ ਕੇ ਏਕਮ ਖੰਘਣ ਲੱਗ ਪਿਆ ਖ਼ੂਨ ਫ਼ੇਰ ਉਸਦੇ ਮੂੰਹ ਚੋਂ ਬੁਲਬੁਲੇ ਬਣ ਕੇ ਨਿਕਲਣ ਲੱਗ ਗਿਆ ਏਕਮ ਨੇ ਕਮੀਜ਼ ਦੀ ਬਾਂਹ ਨਾਲ ਮੂੰਹ ਸਾਫ਼ ਕੀਤਾ ਤੇ ਬੋਲਿਆ...
ਦੇਖ ਸ਼ੀਤਲ ਪੜ੍ਹਾਈ ਚ ਤੂੰ ਪਹਿਲ ਕਰਦੀ ਰਹੀ ਵਿਆਹ ਚ ਵੀ ਤੂੰ ਪਹਿਲ ਕਰਗੀ,, ਤੇ ਜੇ, ਤੇ ਜੇ ਮੈਂ ਅੱਜ ਜ਼ਿੰਦਗੀ ਦੇ ਕਿਸੇ ਕੰਮ ਚ ਪਹਿਲ ਕਰਨ ਲੱਗਾ ਤਾਂ ਤੂੰ ਰੋ ਰਹੀ ਏਂ,, ਇਹ ਤਾਂ ਆਪਣਿਆਂ ਵਾਲੀ ਗੱਲ ਨਾ, ਨਾ ਹੋਈ |

ਏਕਮ ਨੇ ਔਖੇ ਔਖੇ ਸਾਹ ਲਏ,,,ਇਹ ਤਾਂ ਗੱਲ ਨਾ ਹੋਈ ਸ਼ੀਤਲ ਪਿਆਰ ਵਾਲੀ ।
ਏਕਮ ਮੁਸਕਰਾਇਆ ਤੇ ਇੱਕ ਸ਼ੇਅਰ ਗਾਉਣ ਦੀ ਕੋਸ਼ਿਸ ਕੀਤੀ,

ਕੀ ਜ਼ੋਰ ਗਰੀਬਾਂ ਦਾ, ਨੀ ਕੀ ਜ਼ੋਰ ਗਰੀਬਾਂ ਦਾ..
ਮਾਲੋ ਮੱਲੀ ਮਿਲ ਜਾਂਦਾ ਜੋ ਲਿਖਿਆ ਨਸੀਬਾਂ ਦਾ ।

ਸ਼ੀਤਲ ਆਪਣੇ ਪਤੀ ਦੀ ਉਡੀਕ ਕਰ ਰਹੀ ਸੀ,,ਉਹ ਹਲੇ ਤੱਕ ਡਾਕਟਰ ਨੂੰ ਲੈ ਕੇ ਨਹੀਂ ਆਏ ਸਨ,,,ਕਿਉਂਕਿ 7 ਵੱਜ ਚੁੱਕੇ ਸਨ ਬਾਹਰ ਕਰਫਿਊ ਲੱਗ ਚੁੱਕਾ ਸੀ ।

ਦੇਖ ਸ਼ੀਤਲ ਤਕਦੀਰ ਤੇ ਤਦਬੀਰ ਕੈਸੀ ਚੀਜ਼ ਆ,,ਉਹ ਖੰਘਦਾ ਹੋਇਆ ਬੋਲਿਆ....ਜਦ ਤਕਦੀਰ ਚ ਤੂੰ ਸੀ ,ਤਦਬੀਰ ਨਾ ਕੀਤੀ ਗਈ ਪਰ ਜਦ ਤਦਬੀਰ ਕੀਤੀ ਤਾਂ ਤੂੰ ਤਕਦੀਰ ਚ ਨਾ ਰਹੀ ।

ਫ਼ੇਰ ਮਰਨ ਲਈ ਤਦਬੀਰ ਕੀਤੀ ਤਕਦੀਰ ਨੇ ਸਾਥ ਨਾ ਦਿੱਤਾ ਉਹ ਜ਼ਿੰਦਗੀ ਬਖਸ਼ਦੀ ਗਈ ਤੇ ਹੁਣ ਜਦ ਜ਼ਿੰਦਗੀ ਜਿਉਣ ਚ ਮਜ਼ਾ ਆਉਣ ਲੱਗਿਆ ਸੀ ਤੇ ਦੇਖ ਤਕਦੀਰ ਜ਼ਿੰਦਗੀ ਖੋਹਣ ਲੱਗੀ ਆ ।

ਸ਼ੀਤਲ ਉੱਠ ਕੇ ਅੰਦਰ ਹਲਦੀ ਵਾਲਾ ਦੁੱਧ ਲੈਣ ਚਲੀ ਗਈ ।

ਏਕਮ ਨੇ ਜੇਬ ਚੋਂ ਰੀਤ ਦੀ ਫੋਟੋ ਕੱਢੀ ਓਹਦੇ ਵੱਲ ਮੁਸਕਰਾ ਕੇ ਦੇਖਿਆ ਤੇ ਹੌਲੀ ਕੁ ਦੇਣੇ ਬੋਲਿਆ.. ਕਮਲੀਏ ਪਿਆਰ ਤਾਂ ਇੱਕੋ ਵਾਰ ਹੁੰਦਾ,, ਉਹ ਸ਼ੀਤਲ ਨੂੰ ਕਰ ਬੈਠਾ ਸੀ , ਦੂਜੀ ਵਾਰ ਤਾਂ ਸਮਝੌਤੇ ਹੁੰਦੇ ਆ,, ਉਹ ਮੈਨੂੰ ਆਉਂਦੇ ਨਹੀਂ.. ਮਾਫ਼ ਕਰੀਂ.. ਤੇ ਅਗਲੇ ਜਨਮ ਤੇਰਾ ਬਣਕੇ ਆਵਾਂ ਗਾ ||

ਫੇਰ ਉਹਨੇ ਸ਼ੀਤਲ ਨੂੰ ਆਵਾਜ਼ ਮਾਰੀ ਪਰ ਆਵਾਜ਼ ਉਸਦੇ ਅੰਦਰ ਹੀ ਦੱਬ ਗਈ,, ਸੰਘ ਚੋਂ ਬਾਹਰ ਨਾ ਨਿਕਲੀ ਦੋ ਹੰਝੂ ਜ਼ਰੂਰ ਅੱਖਾਂ ਦੀਆਂ ਕੋਰਾਂ ਚੋਂ ਨਿਕਲ ਕੰਨਾਂ ਤੱਕ ਪਹੁੰਚ ਗਏ |

ਸ਼ੀਤਲ ਨੇ ਦੁੱਧ ਲਿਆ ਕੇ ਏਕਮ ਨੂੰ ਸਹਾਰਾ ਦੇ ਕੇ ਥੋੜ੍ਹਾ ਬੈਠਾ ਕਰਦਿਆਂ ਉਹਦੇ ਮੂੰਹ ਨੂੰ ਲਾ ਦਿੱਤਾ ।

ਏਕਮ ਦੁੱਧ ਦੀ ਇੱਕ ਘੁੱਟ ਭਰ ਕੇ ਗਲਾਸ ਤੋਂ ਮੂੰਹ ਪਾਸੇ ਕਰਦਾ ਬੋਲਿਆ....ਸ਼ੀਤਲ ਮੇਰੀ ਮੌਤ ਤੇ ਰੋਈ ਨਾ ਨਹੀਂ ਤੇਰਾ ਪਤੀ ਪਤਾ ਨੀ ਕੀ ਸੋਚੁਗਾ ਏਸ ਰਾਜ਼ ਨੂੰ ਏਥੇ ਹੀ ਦਫ਼ਨ ਕਰਦੇ,,ਚੱਲ ਤੇਰੀਆਂ ਬਾਹਾਂ ਚ ਜਾਨ ਤਾਂ ਨਿਕਲੀ,,, |

ਸ਼ੀਤਲ ਨੇ ਬੜੀ ਮੁਸ਼ਕਿਲ ਨਾਲ ਬੁੱਲ੍ਹ ਘੁੱਟ ਆਪਣੇ ਹੰਝੂ ਰੋਕ ਰੱਖੇ ਸਨ ਐਨੇ ਨੂੰ ਉਸਦਾ ਪਤੀ ਡਾਕਟਰ ਨੂੰ ਲੈ ਕੇ ਆ ਗਿਆ ।

ਏਕਮ ਨੇ ਇੱਕ ਵਾਰ ਡਾਕਟਰ ਵੱਲ ਤੇ ਫ਼ੇਰ ਅੱਖਾਂ ਬੰਦ ਕਰਕੇ ਹਲਦੀ ਵਾਲਾ ਦੁੱਧ ਪਿਆ ਰਹੀ ਸ਼ੀਤਲ ਵੱਲ ਵੇਖਿਆ ।

ਫ਼ੇਰ ਓਹਦੀ ਬਾਂਹ ਇਕਦਮ ਨਿਰਜਿੰਦ ਹੋ ਕੇ ਪਲੰਘ ਤੋਂ ਹੇਠਾਂ ਲਮਕ ਗਈ । ਓਹਦਾ ਹੱਥ ਵੱਜ ਕੇ ਦੁੱਧ ਵਾਲਾ ਕੱਚ ਦਾ ਗਲਾਸ ਟੁੱਟ ਗਿਆ,, ਸਾਰੀ ਫ਼ਰਸ਼ ਤੇ ਹਲਦੀ ਫੈਲ ਗਈ ਤੇ ਏਕਮ ਦੇ ਹੱਥ ਚ ਫੜੀ ਰੀਤ ਦੀ ਫੋਟੋ ਹਲਦੀ ਵਿੱਚ ਡਿੱਗ ਪਈ ।

ਸ਼ੀਤਲ ਕਦੇ ਡਿੱਗੀ ਹੋਈ "ਰੀਤ" ਦੀ ਫੋਟੋ ਵੱਲ ਤੇ ਕਦੇ ਏਕਮ ਵੱਲ ਤੇ ਕਦੇ ਓਹਦੀ ਨਬਜ਼ ਫੜੀ ਬੈਠੇ ਡਾਕਟਰ ਵੱਲ ਦੇਖ ਰਹੀ ਸੀ।

ਡਾਕਟਰ ਨੇ ਨਾਂਹ ਚ ਸਿਰ ਹਿਲਾਉਂਦਿਆਂ ਕਿਹਾ 'ਸੌਰੀ ਹੀ ਇਜ਼ ਨੋ ਮੋਰ ।

ਐਨੀ ਗੱਲ ਸੁਣਦਿਆਂ ਸ਼ੀਤਲ ਜਾਣੋ ਪੱਥਰ ਹੋ ਗਈ ਤੇ ਪਿੱਛੇ ਹਟਦੀ ਹੋਈ ਕੰਧ ਨਾਲ ਜਾ ਲੱਗੀ, ਹੁਣ ਉਸਦੀ ਅੱਖ ਚ ਇੱਕ ਵੀ ਹੰਝੂ ਨਹੀਂ ਸੀ ।

ਏਕਮ ਦੀਆਂ ਅੱਖਾਂ ਖੁੱਲੀਆਂ ਹੋਈਆਂ ਸਨ ਜਿਵੇਂ ਕੁਝ ਉਡੀਕ ਰਹੀਆਂ ਹੋਣ । ਸ਼ੀਤਲ ਹੌਲੀ ਜਹੇ ਬੋਲੀ congratulation ekam ( ਵਧਾਈ ਹੋਵੇ ਏਕਮ ) ਤੇ ਉਹ ਪੱਥਰ ਬਣੀ ਓਥੇ ਹੀ ਫ਼ਰਸ਼ ਤੇ ਬੈਠ ਗਈ ਤੇ ਡਾਕਟਰ ਨੇ ਹੱਥ ਫੇਰ ਕੇ ਏਕਮ ਦੀਆਂ ਅੱਖਾਂ ਬੰਦ ਕਰ ਦਿੱਤੀਆਂ............

(ਸਮਾਪਤ)

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਬੇਅੰਤ ਬਰੀਵਾਲਾ

ਉਹਦੇ ਸੁਪਨੇ ਲੰਡਨ ਬ੍ਰਿਜ਼ ਵੇਖਣ ਦੇ ਸੀ,
ਮੇਰੀ ਪਹੁੰਚ ਸਾਡੇ ਪਿੰਡ ਦੇ ਸੇਮ ਨਾਲ਼ੇ ਦੇ ਪੁੱਲ ਤੀਕਰ,,
ਫ਼ੇਰ ਉਹਦਾ ਹੱਥ ਛੱਡਣਾ ਚੰਗਾ ਲੱਗਿਆ..




Instagram --Beant bariwala

Email id -bean22g@gmail.com

Mob. No. 9041847077